# ਵਤਨੋਂ ਦੂਰ



ਮਈ 1977; 50 ਸੈਂਟ, ਫੋਨ 438-7793, 437-9014

ਸੰਪਾਦਕ ਸੁਰਿੰਦਰ ਧੰਜਲ

NEW ADDRESS: WATNO DUR, 14768 HALSTEAD PLACE, SURREY, B.C. V3R 6S5

GREAT SHOW OF WEDDING SAREES

# FRONTIER CLOTH HOUSE

*(Wholesalers, Retailers and Importers)*

*6672 MAIN STREET*
*VANCOUVER, B.C.*

Bus.: 325-4424
Res.: 324-5156

***We Have Quality As Well As Quantity!***

SPECIALISTS IN:
India Suits, Sarees, Lehngas, Capes, Hars, and
other Indian Goods.

Japanese printed and plain sarees and suits, British cardigans, shirts, ladies' suits and children's clothes.

HEAD OFFICE: NEW FRONTIER CLOTH HOUSE
PHAGWARA (PANJAB)
INDIA

Phone 2375

Manager Vancouver Branch
SUSHIL BATRA

Phone: 325-4424

# SANDHU FURNITURE

## 1440 KINGSWAY
## VANCOUVER

**Phone: 873-8458**

**Time: 9:30 to 9:30 Daily**



**60" STEREO CONSOLE**
**by ELECTROPHONIC**
**Play Back Deck**
**Reg. $450**
**SPECIAL**



Not exactly as illust.

***MATTRESS BONANZA***



**ON** *Sealy*
**& RESTONIC**
**MATTRESSES**

Twin size from $78
Double size from $99
Queen size from $159

**20%-30% Savings on Sofa & Chair**

**30" Electric Range from $299**

**15 cu. ft. Fridge ........ $499**

**WATNO DUR**
**14768 Halstead Pl.**
**Surrey, B.C. V3R 6S5**

**FOUNDER PUBLISHER:**
Tara Singh Hayer (584-3714)
**EDITOR:**
Surinder Dhanjal (438-7793)
**ASSISTANT EDITOR:**
Sadhu (437-9014)

ਸਲਾਹਕਾਰ:
ਕੇਸਰ ਸਿੰਘ ਨਾਵਲਿਸਟ ਐਡਮਿੰਟਨ 932-5262
ਨਵਤੇਜ ਭਾਰਤੀ ਲੰਡਨ, ਓਨਟਾਰੀਓ 433-7464

ਸਹਿਯੋਗੀ:
ਅਜਮੇਰ ਰੋਡੇ ਵੈਨਕੂਵਰ 438-7793
ਇਕਬਾਲ ਰਾਮੂਵਾਲੀਆ ਟੋਰਾਂਟੋ 741-7538
ਨਾਟ ਤ੍ਰਿੰਜਣ ਐਡਮਿੰਟਨ 478-8436
ਸਰਵਣ ਬੋਲ ਬਰਨਬੀ 434-6498
ਦਲਜੀਤ ਤੂਰ ਵੈਨਕੂਵਰ 438-5660
ਰਘਜੀਤ ਘੁਮਾਣ ਵੈਨਕੂਵਰ 324-0147
ਗੁਰਚਰਨ ਟੱਲੇਵਾਲੀਆ ਰਿਚਮੰਡ 271-4742
ਕਸ਼ਮੀਰ ਸਿੰਘ ਮਾਨ ਕੈਲਗਰੀ 262-8307
ਅਮਰਜੀਤ ਚਾਹਲ ਸੁਕਾਮਿਸ਼ 892-3085
ਅਵਤਾਰ ਸਿੰਘ ਰੋਡੇ ਕੂਨੈਲ 992-7578
ਰਾਮ ਸਰੂਪ ਸਾਧੂ ਮੌਂਟਰੀਅਲ 679-8132
ਹਰਦੇਵ ਮਾਨ ਪ੍ਰਿੰਸ ਜੌਰਜ 564-6245
ਗੁਰਮੇਲ ਸਿੰਘ ਬੈਂਸ ਵਿਲੀਅਮਜ਼ ਲੇਕ 392-3698
ਜੋਗਿੰਦਰ ਔਲਖ ਮਿਸ਼ਨ 826-4888
ਜਸਬੀਰ ਚਾਹਲ ਵਿਕਟੋਰੀਆ 385-4966
ਰਾਜ ਸਿੰਘ ਮਾਨ ਵਿੰਨੀਪੈੱਗ 775-6876
ਬਲਬੀਰ ਧਾਲੀਵਾਲ ਬਰਨਬੀ 433-3487

VOL. 5, S.NO. 47, MAY, 77
2nd Class Mail Reg. No. 3233

ANNUAL SUBSCRIPTION:

| | | |
|---|---|---|
| CANADA-U.S.A. | | $5.00 |
| OTHER | SEA | $5.00 |
| COUNTRIES | AIR | $8.00 |


## ਐਡੀਟੋਰੀਅਲ

* '29-30 ਅਪ੍ਰੈਲ 1975'ਨੂੰ ਵੀਅਤਨਾਮ ਆਜ਼ਾਦੀ ਸੰਗਰਾਮ ਦੀ ਜਿੱਤ ਅਤੇ 'ਵਿਓ-ਕੌਂਗ' ਤੇ 'ਅਜਿੱਤ' ਕਹਾਉਣ ਵਾਲੇ ਸਾਮਰਾਜ ਨੂੰ ਸਾਡੀਆਂ ਅੱਖਾਂ ਸਾਹਮਣੇ ਏਨੀ ਬੁਰੀ ਤਰ੍ਹਾਂ ਹੋਈ ਹਾਰ; ਰੂਸ ਅਤੇ ਚੀਨ ਤੋਂ ਬਾਅਦ ਵੀਹਵੀਂ ਸਦੀ ਦੀ ਤੀਜੀ ਮਹਾਨ ਇਨਕਲਾਬੀ ਘਟਨਾ ਹੈ। ਆਪਣੇ ਦੇਹਾਂਤ ਤੋਂ ਚਾਰ ਕੁ ਮਹੀਨੇ ਪਹਿਲਾਂ 10 ਮਈ 1969 ਨੂੰ ਮਹਾਨ ਹੋ-ਚੀ-ਮਿਨ੍ਹ ਦੁਆਰਾ ਲਿਖੇ ਗਏ ਅੰਤਮ-ਇੱਛਾ-ਪੱਤਰ (TESTAMENT) ਦੇ ਆਰੰਭਕ ਸ਼ਬਦ ਸਨ: "ਭਾਵੇਂ ਅਮਰੀਕੀ ਤਸ਼ੱਦਦ ਵਿਰੁੱਧ ਸਾਡੇ ਲੋਕਾਂ ਦੇ ਕੌਮੀ ਮੁਕਤੀ ਘੋਲ ਨੂੰ ਹੋਰ ਮੁਸੀਬਤਾਂ ਝੱਲਣੀਆਂ ਪੈਣ ਅਤੇ ਕੁਰਬਾਨੀਆਂ ਦੇਣੀਆਂ ਪੈਣ, ਅਸੀਂ ਸੰਪੂਰਨ ਜਿੱਤ ਜ਼ਰੂਰ ਜਿੱਤਾਂਗੇ - ਇਹ ਅਟੱਲ ਹੈ!" ਇਨ੍ਹਾਂ ਸ਼ਬਦਾਂ ਦੀ ਸੱਚਾਈ, ਅੱਜ ਸੰਘਰਸ਼ ਤੇ ਸਿਰੜ ਦੀ ਗੌਰਵਮਈ ਦਾਸਤਾਨ ਵਜੋਂ ਅਮਰੀਕੀ ਸਾਮਰਾਜ ਦੇ ਖੰਡਰਾਂ ਤੇ ਸਥਾਪਤ 'ਵੀਅਤਨਾਮੀ ਲੋਕਾਂ ਦੀ ਆਪਣੀ ਸਰਕਾਰ' ਬਣਕੇ ਸਾਰੇ ਜਗਤ ਦੇ ਸਾਹਮਣੇ ਹੈ — 'ਮਹਾਨ ਲੋਕਾਂ' ਦੇ ਸਾਹਮਣੇ ਵੀ ਅਤੇ 'ਸਾਮਰਾਜ ਤੇ ਦੇਸ਼ ਬਦੇਸ਼ 'ਚ ਬੈਠੇ ਸਾਮਰਾਜ ਦੇ ਪਿੱਠੂਆਂ' ਸਾਹਮਣੇ ਵੀ!

* ਪਿਛਲੀ ਸਦੀ ਵਿੱਚ ਜਦੋਂ ਸਾਮਰਾਜੀ ਲੋਟੂ 'ਸੱਤੇ ਦੇ ਸੱਤ ਦਿਨ - 14 ਤੋਂ 16 ਘੰਟੇ ਪ੍ਰਤੀ ਦਿਨ' ਮਜ਼ਦੂਰਾਂ (ਜਿਨ੍ਹਾਂ ਵਿੱਚ ਬੱਚੇ ਤੇ ਇਸਤਰੀਆਂ ਵੀ ਸ਼ਾਮਲ ਸਨ) ਦੀ ਖੱਲ ਲਾਹੁੰਦੇ ਸਨ; ਅਮਰੀਕਾ ਦੇ ਕੁਝ ਸੂਰਬੀਰਾਂ ਨੇ 1886 ਵਿੱਚ '8 ਘੰਟੇ ਪ੍ਰਤੀ ਦਿਨ ਤੇ 5 ਦਿਨ ਪ੍ਰਤੀ ਹਫ਼ਤਾ' ਦਾ ਹੱਕੀ ਨਾਹਰਾ ਲਾਕੇ 'ਇਕ ਮਈ' ਨੂੰ ਸ਼ਿਕਾਗੋ ਵਿੱਚ ਇਕ ਵਿਸ਼ਾਲ ਹੜਤਾਲ ਆਰੰਭੀ ਅਤੇ ਫਿਰ ਕੁਰਬਾਨੀਆਂ ਦਾ ਬਿਖੜਾ ਪੈਂਡਾ ਗਾਹਕੇ ਇਕ ਨਵੀਂ ਅੰਤਰ ਰਾਸ਼ਟਰੀ ਚੇਤਨਾ ਨੂੰ ਜਨਮ ਦਿੱਤਾ। ਮਈ ਦਿਨ ਦੇ ਬਹਾਦੁਰ ਜਥੇਬੰਦਕ AUGUST SPIES ਨੇ 11 ਨਵੰਬਰ 1887 ਨੂੰ ਆਪਣੇ ਤਿੰਨ ਹੋਰ ਸਾਥੀ ਮਜ਼ਦੂਰਾਂ ਸਮੇਤ ਫਾਂਸੀ ਦੇ ਤਖ਼ਤੇ ਤੋਂ ਪੁਕਾਰਿਆ ਸੀ: "ਇਕ ਸਮਾਂ ਆਵੇਗਾ ਜਦੋਂ ਸਾਡੀ ਚੁੱਪ ਇਨ੍ਹਾਂ ਆਵਾਜ਼ਾਂ ਤੋਂ ਜ਼ਿਆਦਾ ਸ਼ਕਤੀਸ਼ਾਲੀ ਹੋਵੇਗੀ ਜਿਨ੍ਹਾਂ ਦਾ ਤੁਸੀਂ ਅੱਜ ਗਲਾ ਘੁੱਟ ਰਹੇ ਹੋ!" — ਅੱਜ ਉਹ 'ਚੁੱਪ' ਨਿਸ਼ਚੇ 'ਸ਼ਕਤੀਸ਼ਾਲੀ ਆਵਾਜ਼' ਬਣ ਗਈ ਹੈ।

* ਸਾਡਾ ਇਸ ਵਾਰ ਦਾ ਮੁੱਖ ਚਿੱਤਰ 'ਫਾਰਿਨ ਲੈਂਗੂਏਜਜ਼ ਪ੍ਰੈੱਸ ਪੀਕਿੰਗ' ਦੁਆਰਾ ਪ੍ਰਕਾਸ਼ਤ 'ਪੇਂਟ ਕੁਲੈਕਸ਼ਨ ਫ੍ਰੋਮ ਹੂਸ਼ਿਅਨ' ਵਿੱਚੋਂ, ਮਿੱਟੀ ਦੀ ਇਕ ਕ੍ਰਾਂਤੀਕਾਰੀ ਕਲਾ ਕਿਰਤ ਦੀ ਤਸਵੀਰ ਹੈ — ਅਤੇ ਇਹ ਮੁੱਖ ਚਿੱਤਰ ਅਪ੍ਰੈਲ ਦੇ ਅੰਤ ਅਤੇ ਮਈ ਦੇ ਆਰੰਭ 'ਚ ਵਾਪਰੀਆਂ ਉਪਰੋਕਤ ਦੋ ਅੰਤਰ ਰਾਸ਼ਟਰੀ ਘਟਨਾਵਾਂ ਦੀ ਇਨਕਲਾਬੀ ਸਪਿਰਟ ਨੂੰ ਸਮਰਪਿਤ ਹੈ!

* ਵਤਨੋਂ ਦੂਰ ਦਾ ਸੁਭਾਅ ਉਸਾਰੂ; ਸੋਚ ਲੋਕ-ਸਮਰਥਕ ਤੇ ਹਮਦਰਦੀ ਮਾਨਵਤਾ ਦੀ ਬਿਹਤਰੀ ਲਈ ਜੂਝਦੇ ਸੰਗਰਾਮੀਆਂ ਨਾਲ ਹੋਣ ਕਰਕੇ ਅਸੀਂ ਮਿਹਨਤ ਤੇ ਸੱਚਾਈ ਦੀਆਂ ਪੈਰੋਕਾਰ ਅਗਾਂਹਵਧੂ ਰਚਨਾਵਾਂ ਨੂੰ ਪਹਿਲ ਦਿੰਦੇ ਹਾਂ- ਪ੍ਰੰਤੂ ਹਰ ਰਚਨਾ ਦੀ ਫ਼ਿਲਾਸਫ਼ੀ ਨਾਲ ਅਦਾਰਾ ਵਤਨੋਂ ਦੂਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ। ਅਸੀਂ ਸਾਰੇ ਪਾਠਕਾਂ ਨੂੰ 'ਪਾਠਕਾਂ ਦਾ ਪੰਨਾ' ਵਿੱਚ ਸੰਖੇਪ ਤੇ ਉਸਾਰੂ ਢੰਗ ਨਾਲ ਭਾਗ ਲੈਣ ਦਾ ਖੁੱਲ੍ਹਾ ਸੱਦਾ-ਪੱਤਰ ਦਿੰਦੇ ਹਾਂ ਤਾਂ ਕਿ ਕੈਨੇਡਾ ਦੇ ਉੱਭਰ ਰਹੇ ਲੇਖਕ ਸਵੈ-ਆਲੋਚਨਾ ਤੇ ਵਿਕਾਸ ਦਾ ਮਾਰਗ ਅਪਣਾ ਸਕਣ।

- ਸੁਰਿੰਦਰ ਧੰਜਲ

***WATNO DUR***
*(Far from the Motherland) is a Literary & Cultural Monthly of Panjabi Language - the mother-tongue of East Panjab (India) & West Panjab (Pakistan) - published by WATNO DUR PUBLICATIONS (Regd.). WATNO DUR has been serving Canadian readers since July, 1973. The contributors include well-known Panjabi writers from Canada, India, Pakistan & England.*
*All members of Watno Dur Admn. Board are honorary associates*

# ਇਸ ਅੰਕ ਦਾ ਕਵੀ: ਇਕਬਾਲ ਰਾਮੂਵਾਲੀਆ



ਪਹਿਲੇ ਕਾਵਿ-ਸੰਗ੍ਰਹਿ ਸੁਲਘਦੇ ਅਹਿਸਾਸ (1973) ਵਿਚ ਇਕਬਾਲ ਦੇ 'ਸੁਲਘਦੇ ਅਹਿਸਾਸ' ਹੁਣ ਹਰ ਕਸਮਕਸ਼ ਦਾ ਗਲਾ ਘੁੱਟਕੇ ਪ੍ਰਚੰਡ ਲਾਟ ਬਣ ਗਏ ਹਨ। ਉਸਦੀ ਕਵਿਤਾ ਦੇ ਬਲਵਾਨ ਜੁੱਸੇ ਵਿੱਚ ਕ੍ਰਾਂਤੀਕਾਰੀ ਕਾਵਿ-ਸਿਧਾਂਤ ਦੇ ਮੋਢੀ ਕਵੀਆਂ — ਦਰਸ਼ਨ ਖਟਕੜ, ਅਮਰਜੀਤ ਚੰਦਨ, ਹਰਿਭਜਨ ਹਲਵਾਰਵੀ, ਗੁਰਦੀਪ ਗਰੇਵਾਲ, ਸੰਤ ਰਾਮ ਉਦਾਸੀ ਅਤੇ 1970 ਦੇ ਲਾਲ ਸਿੰਘ ਦਿਲ ਅਤੇ ਪਾਸ਼— ਵਰਗੀ ਜਾਗਦੀ ਤੇ ਮਘਦੀ ਕਵਿਤਾ ਦੀ ਝਲਕ ਦਿਨੋਂ ਦਿਨ ਵਧਦੀ ਜਾ ਰਹੀ ਹੈ। ਉਹ ਆਪਣੀ ਕਵਿਤਾ ਦੇ ਦੱਬੇ ਕੁਚਲੇ ਪਾਤਰਾਂ ਬਾਰੇ ਕਿਸੇ ਠਰਕੀ ਤਮਾਸ਼ਬੀਨ ਵਾਂਗ ਓਪਰੀ ਹਮਦਰਦੀ ਦੇ ਭਾਸ਼ਣ ਨਹੀਂ ਦਿੰਦਾ ਸਗੋਂ ਸਨੇਹ ਤੇ ਸੁਹਿਰਦਤਾ ਨਾਲ ਤਿੰਨੇ ਅੱਖਾਂ ਖੋਹਲੀ ਉਨ੍ਹਾਂ ਵਿਚਦੀ ਵਿਚਰਦਾ ਹੈ।

ਉਸਦੀ ਨਵੀਂ ਕਵਿਤਾ ਇਸ ਗੱਲ ਦਾ ਇਕਬਾਲ ਕਰਦੀ ਹੈ ਕਿ ਅੱਜ ਦਾ ਇਕਬਾਲ 'ਲੋਕਾਂ ਦਾ ਇਕਬਾਲ' ਹੈ। ਉਹ ਹੁਣ ਉਸ ਪੜਾਅ ਤੇ ਪੁੱਜ ਗਿਆ ਹੈ ਜਿੱਥੇ ਕ੍ਰਾਂਤੀਕਾਰੀ ਕਾਵਿ-ਸਿਧਾਂਤ ਉਸਦੀ ਪ੍ਰਾਪਤੀ ਤੇ ਫ਼ਖਰ ਮਹਿਸੂਸ ਕਰ ਸਕਦਾ ਹੈ।

(ਸੁਰਿੰਦਰ ਧੰਜਲ)

## 1. ਨਗ਼ਮਾ ਹੋਰ ਨਾ ਛੇੜੋ

ਤੁਸੀਂ ਨਗ਼ਮਾ ਕੋਈ ਹੁਣ ਹੋਰ ਨਾ ਛੇੜੋ...
ਮੈਂ ਜਾਣਦਾ ਹਾਂ
ਕਿ ਸਿਤਾਰ ਦੀਆਂ ਤਾਰਾਂ ਦਾ ਕੁਰਮਟ
ਮੇਰੇ ਗੁੱਟਾਂ ਨੂੰ ਨੂੜਨ ਲਈ ਬੇਚੈਨ ਖਲੋਤਾ ਹੈ...
ਤੇ ਤਬਲੇ ਦੀ ਧੁਗ ਧੁਗ ਨੇ
ਮੇਰੇ ਦਿਮਾਗ਼ ਦਾ ਖ਼ੂਨ ਭਰਕੇ ਨਿਚੋੜ ਦੇਣਾ ਹੈ...
ਮੈਨੂੰ ਪਤਾ ਹੈ
ਕਿ ਦੁਨਾਲੀ ਬੰਦੂਕ ਨੇ ਵਟਾਇਆ ਹੈ
ਅਲਗੋਜ਼ਿਆਂ ਦੀ ਜੋੜੀ ਦਾ ਰੂਪ -
ਇਹਦੇ ਵਿੱਚ ਫੂਕ ਵਜਦੇ ਹੀ
ਮੇਰੀ ਕਵਿਤਾ ਨੇ ਛਨਣੀ ਛਨਣੀ ਖਿੰਡਰ ਜਾਣਾ ਹੈ...
ਮੇਰੇ ਮੱਥੇ ਦੀਆਂ ਕਸੀਆਂ ਤਿਊੜੀਆਂ 'ਚ
                    ਵਿਸ ਘੋਲਦਾ ਫਨੀਅਰ
ਇਸ ਬੀਨ ਦੀਆਂ ਮੱਕਾਰ ਧੁਨਾਂ ਨੇ ਕੀਲ ਲੈਣਾ ਹੈ
ਤੇ ਸਰੰਗੀ ਦੇ ਗਜ਼ 'ਚ ਛੁਪੀ ਬਲੇਡ ਦੀ ਨੁੱਕਰ
ਮਲਕੜੇ ਜਿਹੇ ਹੀ ਕੁਤਰ ਸੁੱਟੇਗੀ ਮੇਰੀ ਹੋਸ਼ ਦਾ ਖੀਸਾ
ਤੇ ਮੈਂ ਸ਼ਾਇਦ ਉਨ੍ਹਾਂ ਛੁਰੀਆਂ ਲਈ ਰੇਤੀ ਬਣ ਜਾਵਾਂ
ਜਿਨ੍ਹਾਂ ਮੇਰੇ ਹੀ ਭਰਾਵਾਂ ਦੀਆਂ ਆਂਦਰਾਂ ਦਾ ਮਾਪ ਕਰਨਾ ਹੈ...
ਤੇ ਗਾਇਕਾ ਬੀਬੀ ਦੇ ਗਿੱਟੇ 'ਚ ਛਣਕਦੀ ਝਾਂਜਰ
ਮੇਰੇ ਪੈਰਾਂ 'ਚ ਜੜ ਦੇਵੇਗੀ ਬੋਝਲ ਚੱਟਾਨਾਂ
ਤੇ ਇਨ੍ਹਾਂ ਪੱਥਰਾਂ 'ਚ ਜਕੜਿਆ
ਸ਼ਾਇਦ ਮੈਂ ਗਾਇਕਾ ਬੀਬੀ ਦੇ ਜਾਅਲੀ ਹੰਝੂਆਂ
                    'ਚ ਹੀ ਡੁੱਬ ਜਾਵਾਂ...
ਤੇ ਤੁਸੀਂ ਬੱਸ ਨਗ਼ਮਾ ਕੋਈ ਹੁਣ ਹੋਰ ਨਾ ਛੇੜੋ...

## 2. ਜੀ.ਬੀ.ਰੋਡ

ਬਹੁਤ ਅਜੀਬ ਹੈ ਦਿੱਲੀ ਮੇਰੇ ਦੋਸਤ
ਇੱਥੇ ਮਨੁੱਖਾਂ ਤੋਂ ਕਿਤੇ ਵੱਧ ਸੁਰੱਖਿਅਤ ਨੇ
                    ਇਸ਼ਤਿਹਾਰਾਂ ਦੇ ਬੋਰਡ!
ਹੋਟਲਾਂ ਦੇ ਕਮਰੇ ਪਹਿਨੇ ਜਾ ਸਕਦੇ ਨੇ
                    ਮੰਗਵੀਂ ਕਮੀਜ਼ ਵਾਂਗੂੰ!
ਬਾਜ਼ਾਰਾਂ 'ਚ ਵਿਕਦੀਆਂ
ਬੋਤਲਾਂ 'ਚ ਬੰਦ ਰੰਗਦਾਰ ਮੱਛੀਆਂ!
ਖੀਸੇ 'ਚ ਪਾਏ ਬਲੌਰਾਂ ਵਾਂਗ ਛਣਕਦੇ
ਜੀ. ਬੀ. ਰੋਡ ਦੇ ਕੋਠਿਆਂ 'ਚ
ਸਾਬਣ ਵਰਗੇ ਕੂਲੇ ਪਿੰਡੇ!
ਬਹੁਤ ਅਜੀਬ ਹੈ ਦਿੱਲੀ ਮੇਰੇ ਦੋਸਤ!

ਉਂਞ ਧੰਦਾ ਹੋਰ ਵੀ ਹੁੰਦਾ ਹੈ ਜਿਸਮਾਂ ਤੋਂ ਬਿਨਾਂ...
ਵੇਸਵਾ ਕਲਮਾਂ ਵੀ ਹੁੰਦੀਆਂ ਨੇ
ਸ਼ਾਤਰ ਵੀ ਜ਼ੁਬਾਨਾਂ ਵੀ
ਕਾਨੂੰਨ, ਵੋਟਾਂ ਤੇ ਪਾਰਟੀਆਂ ਦੇ ਝੰਡੇ ਵੀ
ਤੇ ਜ਼ਰੂਰੀ ਨਹੀਂ ਜੀ.ਬੀ.ਰੋਡ ਦਿੱਲੀ ਦੀ
ਇਕ ਬੱਦੂ ਸੜਕ ਹੀ ਹੋਵੇ
ਇਹ ਥਾਣੇ ਦੇ ਰਜਿਸਟਰਾਂ 'ਚ ਵੀ ਹੁੰਦੀ ਹੈ
ਦਫ਼ਤਰਾਂ ਦੇ ਦਰਾਜ਼ਾਂ 'ਚ ਵੀ
ਵਕੀਲਾਂ ਦੀ ਜ਼ਿਰਿਆ ਸੁਣਦੀਆਂ ਐਨਕਾਂ 'ਚ ਵੀ
ਐੱਮ. ਐੱਲ. ਏਆਂ ਦੇ ਬੰਗਾਂ
ਤੇ ਲੋਕ ਸਭਾ ਦੀਆਂ ਕੁਰਸੀਆਂ 'ਚ ਵੀ...
ਬਹੁਤ ਅਜੀਬ ਹੈ ਦਿੱਲੀ ਮੇਰੇ ਦੋਸਤ — !!

## 3. ਦਾਸਤਾਨ

ਚਲੋ ਮੈਂ ਆਪਣੇ ਬਾਪ ਤੋਂ ਹੀ ਸ਼ੁਰੂ ਕਰਦਾ ਹਾਂ
ਜਿਸ ਦੀ ਸੱਠ ਹਾੜ੍ਹੀਆਂ ਉਮਰ
ਗਹਿਣੇ ਟਿਕੀ ਪੈਲੀ ਵਾਂਗ ਗੁਜ਼ਰੀ ਹੈ
ਜ਼ਿੰਦਗੀ ਦੀ ਗੇਂਦ
ਉਹਦੇ ਅਗਾੜੀ ਪੌੜੀਆਂ ਉਤਰਦੀ ਗਈ
ਤੇ ਉਸਦਾ ਪਿੱਛਾ ਕਰਦਾ ਕਰਦਾ
ਉਹ ਬਹੁਤ ਡੂੰਘਾ ਗਰਕਦਾ ਗਿਆ।

ਸਿਫ਼ਤ ਦੇ ਮੋਢਾਂ ਤੋਂ ਉਤਰਿਆ
ਸਰਕਾਰੀ ਕਰਜ਼ਿਆਂ ਦਾ ਜੱਲਾਦ
ਉਸਦੇ ਅਲਗੋਜ਼ਿਆਂ ਦੀ ਧੂਣੀ ਸੇਕਦਾ ਰਿਹਾ
ਤੇ ਉਹਦੇ ਗੀਤਾਂ ਦੀਆਂ ਤਿਤਲੀਆਂ ਦੇ ਖੰਭ
ਉਡੂੰ ਉਡੂੰ ਕਰਦੇ ਹੀ ਪਥਰਾ ਗਏ
ਸੰਗੀਤ ਉਸਨੂੰ ਮਸ਼ਕਰੀ ਤੋਂ ਵੱਧ ਕੁਛ ਵੀ ਨਾ ਕਰ ਸਕਿਆ।

ਵਿਆਜ ਦਾ ਚਿੱਟਾ ਦਸਮਾਂ
ਉਸਦੀ ਨਾਬਾਲਗ ਦਾਹੜੀ 'ਚ
ਅਫ਼ਵਾਹ ਵਾਂਗੂੰ ਫੈਲਦਾ ਹੀ ਗਿਆ
ਕਿਸ਼ਤਾਂ ਦੀਆਂ ਕੈਂਚਾਂ 'ਚ ਫਿਣੀ ਗਈ ਪਗੜੀ ਨੂੰ
ਬਨੀ ਕਰਾਉਣ ਦੀ ਪੈਰਵਾਹੀ ਕਰਦਾ
ਉਹ ਸ਼ਰਾਬ ਵਾਂਗੂੰ ਕਸ਼ੀਦਿਆ ਗਿਆ।
ਲਾਹਣ ਵਾਂਗ ਨਿਆਣੀਆਂ 'ਚ ਡੁੱਲ੍ਹੀ ਉਸਦੀ ਖ਼ੁਦੀ ਨੂੰ
ਖੁੰਢਾਂ ਤੇ ਬੈਠੀਆਂ ਆਵਾਰਾ ਜੀਭਾਂ ਨੇ
ਚਟਖਾਰੇ ਲੈ ਲੈ ਚੱਖਿਆ!
ਉਹਦਾ ਤਰਕਸ਼ ਪਾਟਿਆਂ ਦੇ ਜੰਡਾਂ ਤੇ ਲਾਸ਼ ਵਾਂਗੂੰ ਲਟਕਦਾ ਰਿਹਾ
ਤੇ ਕੱਲੀ ਕੱਲੀ ਕਾਨੀ ਫ਼ਸਲਾਂ ਦੀਆਂ ਕੀਮਤਾਂ ਵਾਂਗੂੰ ਟੁੱਟਦੀ ਗਈ।
ਲਹਿਣੇਦਾਰਾਂ ਉਸਦੇ ਸਿਰ ਨੂੰ
ਚਿਲਮ ਤੋਂ ਵੱਧ ਕੁਛ ਵੀ ਨਾ ਸਮਝਿਆ
ਫ਼ਿਕਰਾਂ ਦਾ ਕੌੜਾ ਤੰਮਾਕੂ
ਉਹਦੇ ਮੱਥੇ 'ਚ ਲਗਾਤਾਰ ਧੁਖਦਾ ਰਿਹਾ
ਕੋਲਿਆਂ ਵਾਂਗ ਦੁਖਦੇ ਉਧਾਰ ਖਾਤਿਆਂ ਦੇ ਜ਼ੋਰ
ਤੇ ਰੋਮ ਰੋਮ 'ਚ ਤਮਕਦੇ ਗਰਜ਼ਾਂ ਦੇ ਫੋੜੇ
ਉਹਨੂੰ ਹੁੱਕੇ ਦੀ ਨੜੀ ਵਾਂਗ ਚੂੰਪਦੇ ਰਹੇ

ਬਹੁਤ ਵਾਰੀ ਝੰਡਿਆਂ ਦੀਆਂ ਜੰਗਾਲੀਆਂ ਬਰਛੀਆਂ
ਉਹਦੀ ਖੋਪੜੀ 'ਚ ਖੁਭੀਆਂ...
ਚੋਣ ਨਿਸ਼ਾਨਾਂ ਦੀ ਭੀੜ
ਉਹਦੀਆਂ ਅੱਖਾਂ ਉਤੇ ਗੜੇਮਾਰ ਕਰਦੀ ਰਹੀ
ਤੇ ਪੰਜ ਪੰਜ ਸਾਲ
ਉਹ ਤ੍ਰਿਸਮ ਤੇ ਛਿਪਕੇ ਇਸ਼ਤਿਹਾਰਾਂ ਨੂੰ ਖਰੋਂਚਦਾ ਰਿਹਾ
ਤੇ ਝੰਡਿਆਂ ਦੀਆਂ ਮੇਖਾਂ ਪੁੱਟਣ ਲਈ ਔਂਕੜਦਾ ਰਿਹਾ।
ਦਿੱਲੀ ਦਾ ਗ਼ੈਰ-ਹਾਜ਼ਰ ਪੰਜਾ
ਉਹਦੀ ਪਗੜੀ ਦਾ ਉਤਾਰ ਮਾਪਦਾ ਰਿਹਾ...

ਉਂਞ ਇਹ ਦਾਸਤਾਨ ਕਿਸੇ ਦੀ ਵੀ ਹੋ ਸਕਦੀ ਹੈ
ਪਰ ਮੈਂ ਆਪਣੇ ਬਾਪ ਤੋਂ ਹੀ ਸ਼ੁਰੂ ਕਰਦਾ ਹਾਂ...

## 4. ਗੱਲ ਅੱਗੇ ਨਹੀਂ ਤੁਰਦੀ

ਮੈਨੂੰ ਵੀ ਸ਼ਿਕਵਾ ਹੈ
ਕਿ ਗੱਲ ਅੱਗੇ ਨਹੀਂ ਤੁਰਦੀ... ...

ਸ਼ਾਮੀਂ ਦਾਰੂ ਦੇ ਸਰੋਵਰਾਂ 'ਚ
ਸਿਗਰਟਾਂ ਦੇ ਕਮਲ ਖਿੜਦੇ ਨੇ
ਤੇ ਗੱਲ ਵਿਚਾਰੀ ਭਟਕ ਜਾਂਦੀ ਹੈ
ਜਾਮ ਵਾਂਗ ਛਲਕਦੀਆਂ ਕੁੜੀਆਂ ਦੀ ਚਰਚਾ ਤੇ ਆਕੇ...

ਅਭਿਨੇਤਰੀਆਂ ਦੇ ਗਸ਼ੀਫ਼ਲਾਂ ਦਾ ਪਾਠ ਕਰਦਿਆਂ
ਅਸੀਂ ਤਾਂ ਬੇਖ਼ਬਰ ਹੀ ਨਿਹਾਲ ਜਾਂਦੇ ਹਾਂ
ਕਾਫ਼ੀ ਦੀ ਝੱਗ 'ਚ ਡੁੱਬ ਕੇ ਮਰੀਆਂ ਮੱਖੀਆਂ
ਤੇ ਕੋਨੇ-ਕੋਨੇ ਦੀਆਂ ਬੋਤਲਾਂ ਉਦਾਲੇ
ਸਿਰਫ਼ ਕੋਕ ਸ਼ਾਸਤਰ ਦਾ ਇਤਿਹਾਸ ਉਧੱੜਦਾ ਹੈ
ਤੇ ਮੈਨੂੰ ਸ਼ਿਕਵਾ ਹੈ ਕਿ ਗੱਲ ਅੱਗੇ ਨਹੀਂ ਤੁਰਦੀ... ...

ਭਲਾ ਸਾਨੂੰ ਕਦ ਕੁ ਆਵੇਗਾ ਏਨਾ ਕੁ ਥਹੁ
ਕਿ ਘੁੱਗੀ ਦੇ ਆਂਡਿਆਂ ਵਰਗੇ ਸਾਡੇ ਨੇਤਰਾਂ ਉੱਤੇ
ਅੱਜ ਦੀਆਂ ਕੁਕੜੀਆਂ
ਪੰਜ ਪੰਜ ਸਾਲ ਸੇਵਾ ਬੈਠਦੀਆਂ ਨੇ
ਤੇ ਰਾਜਧਾਨੀ ਦੇ ਸੈਕਟਰਾਂ 'ਚ ਜ਼ਿਬ੍ਹਾ ਹੋ ਜਾਂਦੀ ਹੈ
ਦਾਰੂ 'ਚ ਗੜੁੱਚ ਵੋਟਾਂ ਦੀ ਸੂਚੀ
ਕਿ ਚੋਣਾਂ ਦੇ ਨਤੀਜਿਆਂ ਤੇ ਕੱਛਾਂ ਮਾਰਦੇ
ਅਸੀਂ ਕਈ ਕਈ ਵਰ੍ਹੇ
ਸੁਪਨਦੇਸ਼ ਤੋਂ ਪਿਛਲੀ ਘੂਕੀ 'ਚ ਹੀ ਵਿਚਰਦੇ ਹਾਂ
ਕਿ ਸਾਡੇ ਕੱਟੇ ਹੋਏ ਹੱਥਾਂ ਦੀਆਂ ਤਲੀਆਂ ਉੱਤੇ
ਦਿੱਲੀ ਦੇ ਨਜੂਮੀਏ ਸੜਕਾਂ ਦੇ ਨਕਸ਼ੇ ਉਲੀਕਦੇ ਨੇ...

ਤੇ ਅਸੀਂ ਇਹ ਕਦ ਕੁ ਸਮਝਾਂਗੇ
ਕਿ ਸ਼ਹਿਰ ਨਾਲ ਜੁੜੀ ਪੱਕੀ ਫਿਰਨੀ ਦੇ ਰੱਸੇ 'ਚ
ਭੇਡ ਵਾਂਗ ਕਸਿਆ ਪਿਆ ਹੈ ਸਾਰੇ ਦਾ ਸਾਰਾ ਨਗਰ...
ਕਿ ਥਾਈਆਂ ਦੇ ਪਰਦਿਆਂ 'ਚ ਅਜੇ ਵੀ ਤੜਫਦੀ ਹੈ
ਕਲਮਾਂ ਨਾਲ ਉਤਾਰੀ ਸਾਡੇ ਦਾਦੇ ਪੜਦਾਦਿਆਂ ਦੀ ਸੰਘ...
ਕਿ ਬਿਜਲੀ ਦੇ ਖੰਭਿਆਂ ਦੀ ਸਲੀਬ ਵਰਗੀ ਕਤਾਰ
ਭਾਖੜੇ ਦੀ ਝੀਲ 'ਚ ਹੀ ਡੋਬ ਦਿੰਦੀ ਹੈ
ਮੀਹਾਂ 'ਚ ਭਿੱਜ ਭਿੱਜ ਕੇ ਕੌਂਦਲਿਆ ਦਰਵੇਸ਼ ਲਾਂਗਾ
ਕਿ ਟੱਬਰ ਦੀ ਬਲਗ਼ਮ ਦੇ ਮੂਹਰੇ ਹਾਰ ਜਾਂਦੇ ਨੇ
ਹਾੜ੍ਹੀਆਂ ਸੌਣੀਆਂ ਨੂੰ ਫ਼ਤਿਹ ਕਰਦੇ,
ਵਿਆਜੂ ਪੈਸਿਆਂ ਦੇ ਪੱਥੇ
ਕਿ ਸਾਨੂੰ ਗੁੜ੍ਹਤੀ 'ਚ ਹੀ ਮਿਲ ਜਾਂਦੀ ਹੈ
ਬਚਪਨ 'ਚ ਜੁਆਨ ਹੋਣ
ਤੇ ਜੁਆਨੀ 'ਚ ਬੁੱਢੇ ਹੋਣ ਦੀ ਸਿੱਖਿਆ।
ਪਰ ਸਾਡੇ ਮੂਹਰੇ ਤਾਂ ਧੂੜ ਵਾਂਗ ਫ਼ੈਲੇ ਪਏ ਨੇ
ਪੰਥਕ ਖ਼ਤਰਿਆਂ ਦੇ ਹੱਟੇ ਕੱਟੇ ਇਸ਼ਤਿਹਾਰ
ਤੇ ਚਿੱਟੇ ਖੱਦਰ ਦੇ ਪੈਰਾਂ 'ਚ ਵਿਛੇ ਲਾਲ ਕੁਲੰਡੇ...
ਤੇ ਮੈਂ ਬੱਸ ਸ਼ਿਕਵਾ ਕਰਦਾ ਹਾਂ
ਕਿ ਗੱਲ ਅੱਗੇ ਨਹੀਂ ਤੁਰਦੀ ... ...

## 5. ਇਕਬਾਲ

ਤੇ ਹੁਣ ਇਕਬਾਲ ਕਰਨਾ ਲਾਜ਼ਮੀ ਹੈ —!
ਸਾਡੀਆਂ ਤਾਂ ਲੋਥਾਂ ਵੀ
ਬਾਜ਼ਾਰ ਦੇ ਚੌਕੇ 'ਚ
ਸ਼ਰੇ-ਆਮ ਜ਼ਲੀਲ ਹੋਈਆਂ
ਤੇ ਸਾਡੇ ਹੀ ਭਰਾਵਾਂ ਦੇ ਗਲ ਤੇ ਚੱਲੀਆਂ ਛੁਰੀਆਂ
ਸਾਡੀਆਂ ਹੀ ਖੱਲਾਂ ਨਾਲ ਪੂੰਝੀਆਂ ਗਈਆਂ... ...
ਅਸੀਂ ਟੁੱਟੇ ਸੁਪਨਿਆਂ ਨੂੰ
ਸੌਂ ਸੌਂ ਕੇ ਜੋਬਨ ਦੇ ਵਤਨਾਂ 'ਚ ਖੌਰਦੇ ਰਹੇ
ਤੇ ਆਪਣੇ ਹੀ ਘੁਰਾੜਿਆਂ ਦਾ ਸ਼ੋਰ
ਅਸੀਂ ਕਦੇ ਨਾ ਸੁਣਿਆ... ...
ਤੇ ਹੁਣ ਇਕਬਾਲ ਕਰਨਾ ਲਾਜ਼ਮੀ ਹੈ!

ਅਸੀਂ ਹਿਮਾਲਾ ਦੀਆਂ ਚੋਟੀਆਂ ਦੇ ਦੂਧੀਆ ਨਕਸ਼
ਮਹਿਬੂਬ ਦੇ ਦੰਦਾਂ 'ਚ ਹੀ ਸਿਮਰਦੇ ਰਹੇ
ਤੇ ਸਾਡੇ ਮੱਥਿਆਂ ਨੂੰ ਬਹੁਤ ਚੁਭਦੀ ਰਹੀ
ਦਾਤਰੀ ਦੇ ਕੂਲੇ ਦੰਦਿਆਂ ਤੇ ਸਿਰਜੀ ਕਵਿਤਾ!
ਅਸੀਂ ਟੋਇਆਂ ਦੇ ਅਕਲੇਵੇਂ ਦਾ ਪਰਛਾਵਾਂ ਮਾਪਦੇ
ਲੋਕਾਂ ਦੀ ਗੁਲਾਮੀ 'ਚ ਉਲਝੇ
ਤੇ ਦੰਦਾਂ ਦੀਆਂ ਮੇਖਾਂ 'ਚ ਖੁੱਭੇ
ਮੇਲੇ 'ਚ ਗੁਆਚੇ ਹੋਣ ਦੀ ਸਚਾਈ ਤੋਂ ਮੁਕਰਦੇ ਰਹੇ!

ਡਾਲਡੇ ਦੇ ਡੱਬਿਆਂ ਦੀਆਂ ਸੁੱਕੀਆਂ ਖਜੂਰਾਂ
ਉਨ੍ਹਾਂ ਸਾਡੀਆਂ ਪਿੱਠਾਂ ਤੇ ਲਾ ਦਿੱਤੀਆਂ
ਤੇ ਅਸੀਂ ਆਪਣੀ ਬੇਸ਼ਰਮੀ ਨੂੰ
ਛਾਵੇਂ ਬੈਠਣ ਦੇ ਭਰਮ 'ਚ ਪਰੋਂਦੇ ਰਹੇ
ਕੀਮਤਾਂ ਦਾ ਲਾਚੜਿਆ ਹੱਥ
ਸਾਡੀਆਂ ਧੌਣਾਂ ਉੱਤੇ ਆਰਿਆਂ ਵਾਂਗ ਚਲਦਾ ਰਿਹਾ
ਰੋਜ਼ ਸੁੰਗੜਦੇ ਸਾਡੀਆਂ ਡੱਬਾਂ ਦੇ ਨੋਟ
ਕਤਰਾ ਕਤਰਾ ਹੋਕੇ ਖਿਸਕਦੇ ਰਹੇ...
ਤੇ ਸਾਡਾ ਇਖ਼ਲਾਕ...
ਸੜਕਾਂ ਤੇ ਥਰਕਦੇ ਨਾਅਰਿਆਂ ਨੂੰ ਕੋਸਦਾ ਰਿਹਾ
ਬਾਜ਼ਾਂ ਵਾਂਗ ਟੁੱਟੀ ਕਬੀਲਦਾਰੀ
ਅਸੀਂ ਥੀਗੜਿਆਂ 'ਚ ਪਾ ਪਾ ਲਕੋਂਦੇ ਰਹੇ
ਤੇ ਹੁੰਮਿਆਂ ਦੀ ਭਾਲ 'ਚ
ਅਸੀਂ ਜੁੱਤੀ ਦੇ ਤਲੇ ਵਾਂਗੂੰ ਘਸਦੇ ਗਏ...

ਮਹਿੰਗਾਈ ਦੇ ਉਭਰਦੇ ਲਾਂਬੂਆਂ 'ਚ
ਮੁੜ ਮੁੜ ਦੁੱਧ ਵਾਂਗੂੰ ਉਬਲੇ
ਤੇ ਪਾਣੀ ਦੇ ਇਕ ਵੀ ਛਿੱਟੇ ਤੋਂ ਬਿਨਾਂ ਹੀ
ਕੋਰੇ ਵਾਂਗ ਜੰਮ ਗਏ ਅਸੀਂ...

ਪੈਲੀਆਂ 'ਚ ਧਾਨ ਵਾਂਗੂੰ ਕਿਰ ਕਿਰ
ਅਸੀਂ ਸਰ੍ਹੋਂ ਦੇ ਫੁੱਲਾਂ ਤੋਂ
ਪਲੋਂ 'ਚ ਵਟਦੇ ਗਏ!

ਜ਼ਿੰਦਗੀ ਦੀ ਫ਼ਸਲ 'ਚ
ਸਿਰ ਉਠਾਕੇ ਲਹਿਰਾਉਣ ਤੋਂ ਡਰਦੇ
ਅਸੀਂ ਸਿਲ੍ਹਿਆਂ 'ਚ ਹੀ ਰੁਲੇ ਗਏ
ਤੇ ਜਾਂ ਸਿਆੜਾਂ 'ਚ ਹੀ ਦੱਬੇ ਗਏ
ਬੋਹਲਾਂ ਦੀ ਹੂਕ 'ਚ ਕਦੇ ਵੀ ਸ਼ੁਮਾਰ ਨਾ ਹੋਇਆ!

ਅੱਥਰੂ ਗੈਸ ਸਾਡੇ ਜੰਗਲਾਂ 'ਚ ਹਨੇਰੀ ਵਾਂਗੂੰ ਝੁੱਲੀ
ਗੋਲੀਆਂ ਨੇ ਸਾਨੂੰ ਦੁਰਘਟਨਾ ਵਾਂਗ ਹਲੂਣਿਆ
ਕਰਫ਼ਿਊ ਸਾਡੇ ਉਪਰ ਤੇਜ਼ਾਬ ਵਾਂਗੂੰ ਡੋਲ੍ਹਿਆ
ਡਾਂਗਾਂ ਸਾਡੇ ਮੱਥਿਆਂ ਉੱਤੇ ਸੀਖਾਂ ਵਾਂਗ ਪਿਘਰੀਆਂ
ਪਰ ਅਸੀਂ ਮਸਾਲਾਂ ਵਾਂਗ ਲੱਟ ਲੱਟ ਮੱਚਣ ਤੋਂ ਤ੍ਰਭਕਦੇ ਰਹੇ!
ਸਾਡੀ ਸਾਰੀ ਮੋਈ ਗਰਮੀ
ਸਾਨੂੰ ਚੋਣ ਨਿਸ਼ਾਨਾਂ ਲਈ ਮੋਹਰਾਂ ਬਣਾਉਣ 'ਚ ਵਰਤੀ ਗਈ!
ਤੇ ਅਸੀਂ ਆਪਣੇ ਦੰਦਾਂ ਦੀ ਧਾਰ
ਗੁਆਚਿਆਂ ਤੇ ਕਿਰਚ ਕਿਰਚ ਕੇ ਤੋੜਦੇ ਰਹੇ!
ਤੇ ਹੁਣ ਇਕਬਾਲ ਕਰਨਾ ਲਾਜ਼ਮੀ ਹੈ —!!

## 6. ਏਸ ਤੋਂ ਪਹਿਲਾਂ

ਏਸ ਤੋਂ ਪਹਿਲਾਂ
ਕਿ ਫ਼ਰੰਗਾਂ ਦੀ ਸੱਭਿਅਤਾ 'ਚ ਹੀ ਜੰਮ ਜਾਵੇ
ਮੇਰੇ ਮੱਥੇ ਦੀ ਗਿਰੀ ਦੀ ਪਿਲਪਿਲੀ ਜਿਹੀ ਹਰਕਤ
ਤੇ ਮੈਂ ਨੰਗੀਆਂ ਛਾਤੀਆਂ ਦੀ ਦਲਦਲ 'ਚ
ਮੂੜ੍ਹੇ ਤੀਕਰ ਗਰਕ ਹੋ ਜਾਵਾਂ...
ਤੇ ਸਿੱਖ ਜਾਵਾਂ
ਸਿਗਰਟਾਂ ਦੀਆਂ ਪਿੱਠਾਂ ਤੇ ਲੱਗੀ ਲਿਪਸਟਿਕ ਤੋਂ
ਕੁੜੀਆਂ ਦੇ ਚਿਹਰਿਆਂ ਦੀ ਬਣਤਰ ਕਿਆਸਣ ਦਾ ਵੱਲ!
ਏਸ ਤੋਂ ਪਹਿਲਾਂ
ਕਿ ਡਾਲਰਾਂ ਦੇ ਰੰਦੇ ਨਾਲ ਛਿੱਲ ਦੇਵਾਂ
ਕਵਿਤਾ ਦੇ ਬੁਲ੍ਹਾਂ ਦੀ ਤਲਮਲੌਂਦੀ ਸਰਗਰਮੀ
ਤੇ ਮਖ਼ਮਲੀ ਸੋਫ਼ਿਆਂ ਥੱਲੇ ਦੱਬ ਦੇਵਾਂ
ਜਾਗ ਦੇ ਖ਼ਤਾਂ 'ਚ ਉੱਗੀ
ਨਹੋਰਿਆਂ ਦੀ ਕੜਵੀ ਸੁਗੰਧੀ!
ਏਸ ਤੋਂ ਪਹਿਲਾਂ
ਕਿ ਤਿਪੂਆਂ ਉੱਤੇ ਪਾਟੇ ਝੱਗਿਆਂ ਦੀਆਂ ਪਰਾਂ ਨੂੰ
ਕੁਤਬ ਮੀਨਾਰ ਜੇਡੀਆਂ ਬੋਤਲਾਂ ਤੋਂ ਰੋੜ੍ਹ ਸੁੱਟ ਘੱਤਾਂ
ਤੇ ਪੱਬਾਂ ਦੀ ਭਗਦੜ 'ਚ ਲਿਤਾੜ ਸੁੱਟਾਂ
ਧੁਖੀਆਂ ਸੜਕਾਂ ਤੇ ਸ਼ੂਕਦਾ
ਨਾਅਰਿਆਂ ਦਾ ਤੂਫ਼ਾਨ
ਤੇ 'ਉਦਾਸੀ' ਦੇ ਆਦਮ ਕੱਦ ਗੀਤਾਂ ਉੱਤੇ ਖਿਲਾਰ ਦੇਵਾਂ
ਭੱਠ ਦੀ ਚਿਮਨੀ ਜੇਡੀਆਂ ਸਿਗਰਟਾਂ ਦਾ ਬਕਬਕਾ ਧੂੰਆਂ!
ਤੇ ਮੱਥੇ ਵਿੱਚੋਂ ਜਾਲੇ ਵਾਂਗ ਉਤਾਰ ਦੇਵਾਂ
ਲਿਸ਼ਕਦੇ ਹੋਏ ਭਾਰਤ ਦਾ ਤਿੜਕਿਆ ਹੋਇਆ ਨਕਸ਼ਾ...
ਇਹ ਸਭ ਕੁਝ ਹੋਣ ਤੋਂ ਪਹਿਲਾਂ
ਮੈਂ ਆਪਣੇ ਸਾਰਿਆਂ ਤੋਂ ਓਹਲੇ
ਆਪਣੀ ਹੀ ਬਰਸੀ ਦੀ ਤਾਰੀਖ਼ ਮਿਥਣੀ ਹੈ!

## ਇੱਕ ਕਵਿਤਾ
ਸੁਰਜੀਤ ਕਲਸੀ

ਉਸ ਔਰਤ ਦੇ ਦਿਲ ਦੀ
ਬੰਦ ਹੋ ਗਈ ਧੜਕਣ ਹਾਂ ਮੈਂ
ਜਿਸ ਰੁਦੇ ਰੁਦੇ ਆਖ਼ਰੀ ਸਾਹ ਲਿਆ ਹੈ
ਜਿਸਦਾ ਬੱਚਾ ਅਜੇ ਵੀ
ਬੇਹਿੱਸ ਦੁੱਧੋਂ ਸੱਖਣੀਆਂ ਛਾਤੀਆਂ ਨੂੰ
ਆਪਣੇ ਬੁੱਲ੍ਹਾਂ 'ਚ ਚਪੋਲ ਰਿਹਾ ਹੈ
ਜਾਂ ਕਦੀ ਕਦੀ ਚੀਖ਼ ਮਾਰਕੇ ਰੋ ਪੈਂਦਾ ਹੈ

ਉਸ ਬੱਚੇ ਦੀ
ਦਰਦੀਲੀ ਆਖ਼ਰੀ ਚੀਖ਼ ਹਾਂ ਮੈਂ
ਜੋ ਉਸਦੇ ਸੰਘ 'ਚ ਉਦੋਂ ਅਟਕ ਗਈ
ਜਦੋਂ "ਚੰਗੀ ਤਕਦੀਰ" ਬਣਾਉਣ ਖ਼ਾਤਰ
ਧਰਤੀ ਦੀ ਦੇਵੀ ਦੇ ਚਰਨੀਂ ਭੇਟ ਕਰਨ ਲਈ
ਉਸਦੀ ਧੌਣ ਧੜੋਂ ਅੱਡ ਕਰ ਦਿੱਤੀ ਗਈ

ਉਸ ਨੱਥ ਵਾਲੀ ਦੀ
ਦੰਦਾਂ 'ਚ ਨੱਪੀ ਕਸੀਸ ਹਾਂ ਮੈਂ
ਜਿਸਦੀਆਂ ਮਹਿੰਦੀ ਰੰਗੀਆਂ ਮਲੂਕ ਤਲੀਆਂ ਉੱਤੇ
ਰੰਗਲਾ ਪਲੰਘ ਡਾਹਕੇ
ਸਦੀਆਂ ਤੋਂ ਇਕ ਨੀਚ ਪਰੰਪਰਾ ਬੈਠੀ
ਉਸਦੇ ਹੱਥਾਂ ਦੀਆਂ ਤਲੀਆਂ ਦੇ
ਸਿੰਧੂਰੇ ਸੁਰਾਖ਼ ਵੇਖ ਰਹੀ ਹੈ
ਜਾਂ ਉਹ ਕੁਸੈਲਾ ਸਵਾਦ ਹਾਂ ਮੈਂ
ਜੋ ਸ਼ਗਨਾਂ ਵਾਲੀ ਰਾਤ ਨੂੰ
ਕਸਾਈਆਂ ਕਟੋਰੀਆਂ 'ਚੋਂ
ਮੂੰਹ-ਜ਼ੁਬਾਨੀ ਸੰਗ ਮੂੰਹ 'ਚ ਘੁਲ ਗਿਆ
ਤੇ ਜ਼ਿੰਦਗੀ ਸਾਰੀ ਨੂੰ ਕੁਸੈਲੀ ਕਰ ਗਿਆ

ਉਸ ਬਿਧਵਾ ਦੀ ਅੱਖ 'ਚ ਅਟਕਿਆ ਅੱਥਰੂ
ਤੇ ਸੰਘ 'ਚ ਅੜਿਆ ਹਾਉਕਾ ਹਾਂ ਮੈਂ
ਜਿਸ ਜਫ਼ਰ ਜਾਲ ਕੇ ਪੁੱਤ ਪਾਲਿਆ
ਜਵਾਨ ਥੰਮ ਦਾ ਥੰਮ
ਜੋ ਫਰੇਬੀ ਪੁਲਸ-ਮੁਕਾਬਲੇ 'ਚ
ਗੋਲੀਆਂ ਨਾਲ ਭੁੰਨ ਸੁੱਟ ਦਿੱਤਾ ਗਿਆ

ਜਾਂ ਉਸਦੀ ਗੁਆਚੀ ਯਾਦਦਾਸ਼ਤ ਹਾਂ ਮੈਂ
ਜਿਸਦਾ ਦਿਮਾਗ਼
ਲਗਾਤਾਰ ਕਰਾਰੀਆਂ ਚੋਟਾਂ ਨਾਲ
ਬੇਹਿੱਸ ਕਰ ਦਿੱਤਾ ਗਿਆ
ਤੇ ਪਾਗ਼ਲ ਕਰਾਰ ਦੇਕੇ ਉਸਨੂੰ
ਪਾਗ਼ਲਖ਼ਾਨੇ ਛੱਡ ਦਿੱਤਾ ਗਿਆ

ਉਨ੍ਹਾਂ ਜਵਾਨ ਜੋੜਿਆਂ ਦੀ ਉਠਦੀ ਚੀਸ ਹਾਂ ਮੈਂ
ਜਿਨਾਂ ਦੀਆਂ ਛੱਪਰੀਆਂ
ਲੋਹੇ ਦੇ ਸੰਗਲਾਂ ਨਾਲ ਉਧੇੜੀਆਂ ਗਈਆਂ
ਤੇ ਜਿਨ੍ਹਾਂ ਨੂੰ ਪਿੰਗਲੇ ਜਿਹੇ ਬਣਾ
ਰਿਹਾ ਕਰ ਦਿੱਤਾ ਗਿਆ
ਪਿੰਡਾ ਦਗਦਾ ਹੈ ਚੀਸਾਂ ਸ਼ਾਂ ਸ਼ਾਂ ਕਰਦੀਆਂ ਹਨ
ਜਵਾਨੀ ਫੌੜ੍ਹੀਆਂ ਸੰਗ ਤੁਰਦੀ ਹੈ

ਬਿੱਟ ਬਿੱਟ ਕੀ ਤੱਕਦੇ ਹੋ
ਮੈਂ ਧੜਕਣ ਵੀ ਹਾਂ, ਚੀਖ਼ ਵੀ, ਕਸੀਸ ਵੀ
ਕੁਸੈਲੀ ਜ਼ਿੰਦਗੀ ਵੀ, ਅੱਥਰੂ ਵੀ, ਹਾਉਕਾ ਵੀ, ਚੀਸ ਵੀ
ਕਦੀ ਕਦੀ ਮੈਂ ਇਨ੍ਹਾਂ 'ਚੋਂ ਕੁਝ ਵੀ ਨਹੀਂ
ਤੇ ਕਦੀ ਕਦੀ ਮੈਂ ਇਨ੍ਹਾਂ ਦਾ ਇਕ ਰੂਪ ਜ਼ਮੀਰ ਹੀ
ਫੋਕੀ ਦਰਦਵੰਦੀ ਦੀ ਜਿਸਨੂੰ ਲੋੜ ਨਹੀਂ
ਤੇ ਇਸਨੂੰ ਪਤਾ ਹੈ ਤੁਹਾਡੀ ਜੁਰਅੱਤ ਦਾ ਵੀ
ਸ਼ਮਸ਼ੀਰ ਹੱਥ 'ਚ ਤੁਸੀਂ ਫੜ ਨਹੀਂ ਸਕਦੇ
ਲਾਹਕੇ ਆਪਣੀ ਖੋਪੜੀ ਆਪਣੀ ਹੀ ਤਲੀ ਤੇ ਧਰ ਨਹੀਂ ਸਕਦੇ।

## ਓ ਦਿਲਾ ਹੋ ਨਾ ਬੇਤਾਬ
ਸੁਰਿੰਦਰ ਧੰਜਲ

ਓ ਦਿਲਾ ਹੋ ਨਾ ਬੇਤਾਬ

ਭੁੱਲਣਾ ਬਾਕੀ ਹਾਲੇ
ਵੇਦ ਨ ਗੀਤਾ ਤੇ ਕਤਾਬ
ਪੁੱਛਣਾ ਬਾਕੀ ਹਾਲੇ
ਹੂਰ ਦੇ ਮੂੰਹ ਤੇ ਕਿਉਂ ਨਕਾਬ

ਖੋਲ੍ਹਣਾ ਬਾਕੀ ਹਾਲੇ
ਆਪਣੇ ਆਪੇ ਦਾ ਪਾਜ
ਜਾਨਣਾ ਬਾਕੀ ਹਾਲੇ
ਸਿਟ ਸਕਣ ਦਾ ਛੁਪਿਆ ਰਾਜ਼

ਢੂੰਡਣੇ ਬਾਕੀ ਹਾਲੇ
ਹਮਸਫ਼ਰ ਡੂੰਘੇ ਹਮਰਾਜ਼
ਖੋਜਣੇ ਬਾਕੀ ਹਾਲੇ
ਬਹੁਤ ਅਣਖੋਜੇ ਜਵਾਬ

ਪਹਿਨਣਾ ਬਾਕੀ ਹਾਲੇ
ਨੰਗੀਆਂ ਸਿਰੀਆਂ ਤੇ ਤਾਜ
ਮਾਨਣਾ ਬਾਕੀ ਹਾਲੇ
ਜਿਉਂਦੇ ਜੀ ਆਪਣਾ ਖ਼ੁਆਬ

ਸਾਬਤ ਕਰਨੈ: ਉਸਦਾ ਕਿੰਨਾ
ਘਾਤਕ ਹੁੰਦਾ ਹੈ ਸ਼ਬਾਬ
ਚੀਰਕੇ ਜੋ ਦਿਲ ਨੂੰ ਨਿਕਲੇ
ਬੇਸ਼ਬਦ ਕੋਈ ਆਵਾਜ਼

ਓ ਦਿਲਾ ਹੋ ਨਾ ਬੇਤਾਬ !

(VANCOUVER, B.C.)

## ਸਮੇਂ ਸਮੇਂ ਦੀ ਗੱਲ
ਦਰਸ਼ਨ ਗਿੱਲ

ਇਕ ਸਮਾਂ ਹੁੰਦਾ ਹੈ —
ਜਦ ਅਸੀਂ
ਲਹਿਰਾਂ ਸੰਗ ਤਰਦੇ ਹਾਂ !
ਕਿਸੇ ਕੰਢੇ ਖੜ੍ਹੇ ਕੇ,
ਸਮੁੰਦਰ ਵੱਲ ਤੱਕਦੇ
ਹਸਦੀਆਂ ਲਹਿਰਾਂ
ਵਿੱਚ ਕਲਾਵੇ ਭਰਦੇ ਹਾਂ !

ਜਦ ਕਦੀ
ਪਹਾੜਾਂ ਵੱਲ ਵਿੰਹਦੇ ਹਾਂ
ਅਸੀਂ
ਉਨ੍ਹਾਂ ਦੀ
ਹੋਂਦ 'ਤੇ ਹਸਦੇ ਹਾਂ !

ਫਿਰ
ਇਕ ਸਮਾਂ
ਅਜੇਹਾ ਵੀ ਆਉਂਦਾ ਹੈ —
ਜਦ
ਸਮੁੰਦਰ ਤੋਂ
ਸਾਨੂੰ ਭੈ ਆਉਂਦਾ ਹੈ
ਪਹਾੜ —
ਸਾਡੀ ਖਿੱਲੀ ਉਡਾਉਂਦਾ ਹੈ !

ਅਜੇਹੇ ਸਮੇਂ —
ਜ਼ਿੰਦਗੀ ਦੇ ਰੁੱਖ 'ਤੋਂ
ਪੱਤਿਆਂ ਵਾਂਗ ਕਿਰਦੇ ਹਾਂ !
ਨਿਸਦਿਨ
ਆਪਣੇ
ਅਸਤਿਤਵ ਦੀ
ਖੋਜ ਵਿੱਚ ਫਿਰਦੇ ਹਾਂ !

(TERRACE, B.C.) •

## ਯਾਰ ਨੂੰ
ਦੇਵ ਜਟਾਣਾ

ਆ ਯਾਰ ! ਦੋ ਗੱਲਾਂ ਕਰੀਏ
ਬਹਿਕੇ ਦਿਲ ਦੇ ਦੁਖੜੇ ਰੋਈਏ।
ਆਪਣੇ ਅੰਦਰ ਝਾਤ ਮਾਰੀਏ
ਤੇ ਜ਼ਮੀਰ ਦੇ ਸਨਮੁਖ ਹੋਈਏ।

ਨਾਂ ਤੇਰਾ ਕੋਈ ਸਾਥੀ ਦਿਸਦਾ
ਨਾਂ ਮੈਨੂੰ ਕੋਈ ਚਾਹੁਣ ਵਾਲਾ।
ਤੂੰ ਵੀ ਮੈਥੋਂ ਭੇਤ ਲਕੋਵੇਂ
ਮੈਂ ਵੀ ਮੂੰਹ ਨੂੰ ਲਾਇਆ ਤਾਲਾ।

ਜੇ ਤੂੰ ਮੇਰੇ ਵਾਂਗੂੰ ਮਿੱਤਰਾ
ਨਾਲ ਮੌਤ ਦੇ ਲੜਕੇ ਮਰਨਾ
ਤਾਂ ਮੈਂ ਤੇਰਾ ਸਾਥ ਦਿਆਂਗਾ
ਤੂੰ ਵੀ ਇਸ ਰਾਹ ਪੈਰ ਜੇ ਧਰਨਾ।

ਮੈਂ ਅਣਹੋਈ ਮੌਤ ਵਿਆਹੁਣੀ
ਤੂੰ ਬਣਕੇ ਸਰਬਾਲਾ ਆਈਂ
ਜੇ ਤੂੰ ਮਰਨੇ ਦੀ ਮਲੋਂ ਡਰਦਾ
'ਦੇਵ' ਦਾ ਨਾਮ ਨਾ ਮੂੰਹ ਤੇ ਲਿਆਈਂ।

(UPPER FRASER, B.C.)

•

ਤਿੰਨ ਕਵਿਤਾਵਾਂ / ਗੁਰਬੀਰ (ਅੰਮ੍ਰਿਤਸਰ)

### ਉਡੀਕ

ਹੜ੍ਹਾਂ ਵਰਗਾ ਕੁਝ ਆਉਣ ਨਾਲ
ਸੜਕਾਂ ਵਰਗੀ ਕੋਈ ਚੀਜ਼ ਟੁੱਟ ਗਈ, ਡੁੱਬ ਗਈ
ਰੇਲ ਦੀ ਹੜਤਾਲ ਵਰਗਾ ਕੁਝ ਹੋਇਆ
ਹੋ ਗਿਆ ਹੈ ਬੰਦ ਕੁਝ ਡਾਕ ਵਰਗਾ, ਤਾਰ ਵਰਗਾ
ਤੇ ਮੇਰਾ ਉਦਾਸ ਮਨ
ਉਡੀਕ ਰਿਹਾ ਹੈ
ਰਾਜ਼ੀ ਖੁਸ਼ੀ ਦੀ ਚਿੱਠੀ ਵਰਗਾ ਕੁਝ, ਕਿਸੇ ਪਾਸਿਉਂ ।

### ਖੰਭਾ

ਮੈਂ ਉਹ ਖੰਭਾ
ਕਿ ਜਿਸਦੇ ਮੋਢਿਆਂ ਤੋਂ ਲੰਘਦੀਆਂ ਤਾਰਾਂ ਵਿਚਦੀ
ਜਾਵੇ ਰੋਸ਼ਨੀ ਸਭਨੀ ਪਾਸੀਂ
ਪਰ ਦੇਖੋ......!
ਕਿ ਲਾਉਣ ਵਾਲਿਆਂ ਲਾਇਆ ਨਹੀਂ
ਮੇਰੇ ਹੀ ਪਿੰਡੇ 'ਤੇ ਕੋਈ ਲਾਟੂ
ਮੇਰੇ ਵਿਹੜੇ ਵਿਚ ਹਨੇਰਾ ।

### ਪਰਲੋ

ਸੂਰਜ ਬਣ ਗਿਆ ਹੈ ਪੱਥਰ ਦਾ ਕੋਲਾ
ਚੰਦ ਬਣ ਗਿਆ ਗੋਹੇ ਦੀ ਪਾਥੀ
ਤਾਰੇ ਬਣ ਗਏ ਇੱਟਾਂ ਰੋੜੇ
ਹਵਾ 'ਚ ਸੁੰਞ ਵਰਤੀ ਪਈ
ਕਿਉਂਕਿ ਪੰਛੀਆਂ ਦੀ ਮੌਤ ਹੋ ਗਈ ਹੈ
ਗਲੀਆਂ ਦੀ ਮਿੱਟੀ ਨੇ ਕੀਤੇ ਹੋਏ ਕੰਨ ਖੜੇ
ਕਦਮਾਂ ਦੀ ਟਾਪ ਸੁਣਨ ਲਈ
ਘਰਾਂ ਦੇ ਬੂਹੇ ਖੁਲ੍ਹੇ ਚੌੜ ਚੁਪੱਟ
ਤੱਕਣ ਕਿਸੇ ਦਾ ਰਾਹ
ਰੋਸ਼ਨਦਾਨਾਂ ਮੂੰਹ ਟੱਡੇ
ਚੰਦ ਸੂਰਜ ਦੀ ਰੋਸ਼ਨੀ ਪੀਣ ਨੂੰ
ਖੰਭਿਆਂ ਦੇ ਲੱਕ ਟੁਟ ਗਏ – ਟੇਢੇ ਹੋਏ ਪਏ
ਦਰਖ਼ਤ ਤਣਿਆਂ ਤੋਂ ਪੁੱਟੇ ਗਏ
ਐਥੋਂ ਦੀ ਮਿੱਟੀ ਔਥੇ ਚਲੀ ਗਈ •

(ਸਫ਼ਾ 22 ਤੋਂ ਅੱਗੇ)

ਰੋਟੀ ਤੇ ਨਿੱਕੇ ਭੈਣ ਭਰਾਵਾਂ ਨੂੰ ਜੀਊਂਦੇ ਰਖ ਸਕਾਂ...।"

ਸੜਕ ਤੇ ਰੋੜੀ ਕੁੱਟਦੀ ਮਜ਼ਦੂਰਨ ਦਾ ਬੱਚਾ ਸਾਰਾ ਦਿਨ ਭੁੱਖਾ ਕਿਉਂ ਵਿਲਕਦਾ ਹੈ ? ਇੱਟਾਂ ਥਪਦੀ ਤੇ ਕੋਲਾ ਝੋਕਦੀ ਔਰਤ ਆਪਣੇ ਬੱਚੇ ਨੂੰ ਆਪਣਾ ਹੀ ਦੁੱਧ ਕਿਉਂ ਨਹੀਂ ਦੇ ਸਕਦੀ ?

ਦੇਸ਼ ਦਾ ਭਵਿਖ ਗੰਦ ਦੇ ਢੇਲਾਂ ਵਿਚੋਂ ਖਾਣ ਲਈ ਕੀ ਲਭਦਾ ਹੈ ?

ਦੁਆਈ ਤੇ ਖੁਰਾਕ ਹੱਥੋਂ ਮਰਨ ਵਾਲਿਆਂ ਦੀਆਂ ਲਾਸ਼ਾਂ ਦਾ ਕੀ ਬਣਦਾ ਹੈ ?

ਥੁੜਾਂ ਤੇ ਲੋੜਾਂ ਨਾਲ "ਮਰਿਆਂ" ਨੂੰ ਕੌਣ ਜੀਉਂਦਾ ਕਰੇਗਾ ?

ਹਰਸੀਰਤ ਨੂੰ ਅਜਿਹੇ ਸੈਂਕੜੇ ਪ੍ਰਸ਼ਨਾਂ ਕੁਝ ਸੋਚਣ ਲਈ ਮਜਬੂਰ ਕਰ ਦਿਤਾ ।

ਥੱਕੇ ਟੁੱਟੇ ਸਰੀਰ 'ਤੇ ਤੁਰਦਾ ਮੁੜ੍ਹਕਾ ਅੱਜ ਥੋਹੜਾ ਜਿਹਾ ਖੁਸ਼ ਖੁਸ਼ ਘਰ ਜਾ ਰਿਹਾ ਸੀ । ਅੱਜ ਉਸ ਬਾਪ ਦੇ ਮੂੰਹ ਦੁਆਈ ਦਾ ਚਮਚ ਪਾਇਆ—ਮਾਂ ਦੇ ਨਾਲ ਰੋਟੀ ਖਾਧੀ ਤੇ ਨਿੱਕੇ ਭੈਣ ਭਰਾਵਾਂ ਨੂੰ ਜਗਾ ਕੇ ਪਿਆਰ ਕੀਤਾ ।

*India's Famous*

**TANDOORI CHICKEN**

**EAT IN OR TAKE OUT!**

# RAJA RESTAURANT

(Licensed)

**7271 MAIN ST., VANCOUVER, B.C.**

FOR PARTY CATERING, HOME PARTIES
AND BANQUETS, CONTACT

**Balwant**
**325-5014**

# SHAN SAREES & KNITWEAR

6658 MAIN STREET, VANCOUVER, B. C. VTX 3H2

***We offer the following at low, low prices***

- SAREES
- PETTI COATS
- FALLS
- LEHNGA
- CARDIGANS
- SHIRTS
- SWEATERS
- SUITS
- YARD MATERIAL
- BED SPREADS
- BED SHEETS
- DRAPES

Phone: Bus. 321-0847; Res. 325-8342




# PUNI'S EMPORIUM

ਪੂਨੀ'ਜ਼ ਇਮਪੋਰੀਅਮ

9369 SCOTT RD. (120 ST.) DELTA

9369 ਸਕਾਟ ਰੋਡ (120 ਸਟ੍ਰੀਟ)
ਡੈਲਟਾ, ਬੀ.ਸੀ.

ਫੋਨ: 581-1844/596-0583

* ਏਥੇ ਸਾੜ੍ਹੀਆਂ, ਕਮੀਜ਼ਾਂ, ਕਢਾਈ ਵਾਲੇ ਸੂਟ ਅਤੇ ਹੋਰ ਬਹੁਤ ਕੁਝ ਮਿਲ ਸਕਦਾ ਹੈ।
* ਵਿਆਹ ਦੇ ਸ਼ੁਭ ਅਵਸਰ ਤੇ ਹਾਰਾਂ ਦੀ ਸੇਲ ਲੱਗੀ ਹੋਈ ਹੈ।
* ਹੋਰ ਜਾਣਕਾਰੀ ਲਈ ਸਾਨੂੰ ਦਰਸ਼ਨ ਦਿਓ ਜਾਂ ਫੋਨ ਕਰੋ।

ਫੋਨ: 581-1844/596-0583

**PHONE ANY TIME FOR**
**NEW & USED CARS and HALF TON TRUCKS**



# MAJER SINGH DHALIWAL

## CAR SALESMAN

ਨਵੀਂ ਜਾਂ ਪੁਰਾਣੀ ਕਾਰ, ਵੈਗਨ ਜਾਂ ਪਿਕਅੱਪ ਅਤੇ ਟਰੱਕ ਆਦਿਕ ਅੱਛੀ ਹਾਲਤ ਸਸਤੀਆਂ ਕੀਮਤਾਂ ਤੇ ਖਰੀਦਣ ਲਈ ਮੇਜਰ ਸਿੰਘ ਧਾਲੀਵਾਲ ਨੂੰ ਮਿਲੋ ਜੋ 641-LOUGHEED HWY. (NEAR LOUGHEED MALL) COQUITLAM, ਵਿਚ ਕਾਰ ਸੇਲਜ਼ਮੈਨ ਹਨ। ਵਧੇਰੇ ਜਾਣਕਾਰੀ ਲਈ ਘਰ 594-2838 ਤੇ ਫੋਨ ਕਰੋ। ਗੈਰੇਜ ਵਿਚ ਪੁੱਜਕੇ ਮੈਨੇਜਰ ਨੂੰ ਕਹੋ ਕਿ ਤੁਸੀਂ ਮੇਜਰ ਸਿੰਘ ਧਾਲੀਵਾਲ ਨੂੰ ਮਿਲਣਾ ਹੈ।

Bus. 937-7711



Res. 594-2838

**GARY PONTIAC-BUICK & GMC LTD.**

**BUYING, SELLING, TRADING?**
**PROFESSIONAL SALESMEN TO SERVE YOU AND YOUR PARTICULAR REAL ESTATE NEEDS.**
**CALL AT**

OFFICE
872-0131

RES.
278-5443



# Amarjit Gill

**MARS REALTY**

1437 Kingsway
Vancouver

ੳ A

ਸਥਾਈ ਕਾਲਮ

# ਆਪਣੇ ਲੋਕ ਅਜਮੇਰ ਰੋਡੇ

ਲਾਖਾ ਹਰ ਰੋਜ਼ ਵਾਂਗ ਅੱਜ ਵੀ ਆਪਣੀ ਵਹੁਟੀ ਨਾਲ ਲੋਹਾ ਲਾਖਾ ਹੋ ਰਿਹਾ ਸੀ।

"ਮੇਰੇ ਕੋਲ ਨਾ ਔਹਨੂੰ ਮੁੜਕੇ ਨਾਂ ਲਈਂ ਆਵਦੇ ਮਾਪਿਆਂ ਮੁਪਿਆਂ ਦਾ ਮੈਨੂੰ ਕੱਖ ਪਰਵਾਹ ਨੀ ਕਿਸੇ ਸਾਲੇ ਦੀ..."

"ਕਿਉਂ, ਚੋਰ ਕੀ ਦਗਾਬਾਜ਼ਤਾ ਮੇਰੇ ਮਾਪਿਆਂ ਨੇ? ਏਤੇ ਥਈ ਆਪਣਾ ਵਿਆਹ ਕਰਤਾ ਮੈਨੂੰ ਇੰਡੀਆ ਤੋਂ ਮੰਗਾਕੇ?"

"ਸਾਲੀ 'ਆਪਣੇ ਵਿਆਹ' ਦੀ–ਜਿਵੇਂ ਕੁਸ਼ ਪਤਾ ਈ ਨੀ ਹੁੰਦਾ! ਮੇਰੀ ਕੁੱਤੇ ਜਿੰਨੀ ਇੱਜ਼ਤ ਨੀ ਕੀਤੀ ਤੇਰੇ ਭਾਈ ਦੇ ਵਿਆਹ 'ਚ ਉਨ੍ਹਾਂ ਪਤਿਔਰਿਆਂ ਨੇ...", ਦੰਦ ਕਰੀਚਦਾ ਲਾਖਾ ਬੋਲਿਆ।

"ਲੈ ਤੁਆਨੂੰ ਕਿੰਨੀ ਵਾਰ ਤਾਂ ਪੁਛਿਐ ਉਨ੍ਹਾਂ ਨੇ ਬੀਵਿਆਂ ਆਦੂ!"

"ਮੈਂ ਉਨ੍ਹਾਂ ਦਾ ਜੁਆਈ ਆਂ ਜੁਆਈ! ਉਨ੍ਹਾਂ ਦੀ ਧੀ ਦਾ ਖ਼ਸਮ!! ਉਹ ਸਮਝਦੇ ਕੀ ਐ ਮੈਨੂੰ?" ਲਾਖਾ ਹੋਰ ਭੜਕਿਆ।

"ਤੁਸੀਂ ਵੀ ਸੱਚੀਂ ਹੱਦ ਕਰ ਦਿੰਦੇ ਐਂ ਬੋਲਣ ਲੱਗੇ, ਕਾਲਜ ਵਿੱਚ ਤਾਂ ਸਾਲ ਲਾਕੇ ਐਦਾਂ ਈ ਗਾਲਤੇ।"

"ਕਾਲਜ ਕੂਲਜ ਦਾ ਤਾਂ ਮੈਨੂੰ ਪਤਾ ਨੀ ਓਹਨਾਂ ਦੇ ਤਾਂ ਕੇਰਾਂ ਪਧੀਸਦੱਲ ਕੱਢਦੂੰ; ਤੂੰ ਏਹ ਨਾ ਸਮਝੀਂ ਮੈਂ ਐਵੇਂ ਬਕਵਾਸ ਮਾਰਦਾਂ... ਜਦੋਂ ਉਨ੍ਹਾਂ ਦੀ ਲਾਰੇਬਾਜ਼ੀ ਨੂੰ ਮੋੜਕੇ ਘਰੇ ਬਣਾ ਤਾ ਇੰਡੀਆ, ਫੇਰ ਲੱਗੂ ਪਤਾ ਕਿਵੇਂ ਵਰਤੀਦਾ ਜੁਆਈਆਂ ਨਾਲ, ਤੱਤੇ ਨਾਂ ਔਹ ਮਿੰਨਤਾਂ ਕਰਦੇ ਪੈਰੀਂ ਹੱਥ ਲਾਉਣ ਜੁਆਈ ਦੇ ਤਾਂ ਕਹਿ ਦੇਈਂ ਕੁੱਤਾ ਭੌਂਕਦਾ ਸੀ... ਤੂੰ ਤਿਆਰੀ ਕਰਲਾ ਆਵਦੀ ਅਗਲੇ ਮਹੀਨੇ ਦੀ ਫੇਰ ਆਖੇਂਗੀ ਦੱਸਿਆ ਨੀ।"

"ਮੈਂ ਤੁਹਾਡੇ ਨਾਲ ਵਿਆਹੀਆਂ ਤਾਂ ਇਥੇ ਈ ਰਹਿਣੈ ਓਥੇ ਜਾਕੇ ਮੈਂ ਕਿਵੇਂ ਬੈਠੀ ਰਹੂੰ ਭਲਾ! ਉਹਨਾਂ ਨਾਲੋਂ ਪਹਿਲਾਂ ਹੁਣ ਤਾਂ ਮੈਂ ਤੁਹਾਡੀ ਹਾਂ, ਤੁਹਾਡੇ ਮੁੰਡੇ ਦੀ ਮਾਂ!"

"ਫੇਰ ਉਹਨਾਂ ਨੂੰ ਸੇਕ ਕਿਵੇਂ ਲੱਗੂ ਮੇਰਿਆਂ ਸੌਹਰਿਆਂ ਨੂੰ? ਮੈਂ ਤਾਂ ਵੱਟ ਕੱਢ ਦੂੰ ਇਕ ਦੂ ਦਰਿਓਂ ਸਾਰਿਆਂ ਦੇ..."

"ਓਹਨਾਂ ਦੇ ਤਾਂ ਕਾਹਦੇ ਨਿਕਲਣੇ ਐ ਵੱਟ ਤਾਂ ਮੇਰੇ ਨਿੱਕਲਣਗੇ ਜਾਂ ਮੇਰੇ ਪੁੱਤ ਦੇ!", ਕਹਿੰਦਿਆਂ ਸੀਤਲ ਨੇ ਆਪਣੇ ਚਾਰ ਕੁ ਸਾਲ ਦੇ ਜਿੰਦੇ ਨੂੰ ਆਪਣੇ ਨਾਲ ਘੁੱਟ ਲਿਆ ਜਿਸਨੂੰ ਉਹ ਲਾਡ ਨਾਲ ਜੈਕ ਵੀ ਕਹਿੰਦੇ ਸਨ।

"ਪੁੱਤ ਤੇਰਾ ਨੀ ਮੇਰਾ ਐ, ਆਈ ਵੱਡੀ ਪੁੱਤ ਆਲੀ, ਜੈਕ ਤਾਂ ਮੇਰਾ ਸ਼ੇਰ ਬੱਗਾ ਐ ਕੈਨੂੰ ਈ ਦਫ਼ਾ ਕਰਨੈ, ਇਹ ਤਾਂ ਐਥੇ ਰਹੂਗਾ ਸਾਡੇ ਕੋਲ... ਤੈਨੂੰ ਪਤਾ ਨੀਂ ਇਹ ਨਿੱਕਾ ਲਾਖਾ ਐ— ਇਹ ਮੈਂ ਆਂ ਮੈਂ ਵੇਖ ਇਹਦੀਆਂ ਅੱਖਾਂ ਤੇ ਨੱਕ...!"

ਸੀਤਲ ਜ਼ਰਾ ਕੁ ਚੁਪ ਹੋ ਗਈ, ਫਿਰ ਹੌਲੀ ਜਿਹੀ ਬੋਲੀ: "ਫੇਰ ਤਾਂ ਮੈਂ ਤੁਹਾਡੀ ਵੀ ਮਾਂ ਹਾਂ।"

"ਤੇਰਾ ਦਮਾਗ ਤਾਂ ਟਕਾਣੇ ਐ?", ਲਾਖਾ ਗੁੱਸੇ ਨਾਲ ਬੋਲਿਆ।

"ਦਮਾਗ ਦਾ ਤਾਂ ਪਤਾ ਨੀ... ਇਹ ਲਾਖਾ ਤਾਂ ਮੇਰੇ ਪੇਟ ਵਿੱਚ ਈ ਰਿਹੈ ਨੌਂ ਮਹੀਨੇ ਤੇ ਪਿੱਛੋਂ ਦੁੱਧ ਵੀ ਮੇਰਾ ਈ ਚੁੰਘਦਾ ਰਿਹੈ।"

ਲਾਖਾ ਰੋਹ ਵਿੱਚ ਬੋਲਦਾ ਬੋਲਦਾ ਈ ਰਹਿ ਗਿਆ। ਉਸਨੂੰ ਅਚਾਨਕ ਤਰ੍ਹਵੀਂ ਜਮਾਤ ਦੀ ਸਾਇੰਸ ਯਾਦ ਆ ਗਈ। ਇਕ ਦਿਨ ਪ੍ਰੋਫੈਸਰ ਨੇ ਤਸਵੀਰਾਂ ਵਿਖਾਕੇ ਦੱਸਿਆ ਸੀ ਕਿ ਕਿਵੇਂ ਬੱਚਾ ਅੱਧੇ ਮਾਂ ਦੇ ਅਤੇ ਅੱਧੇ ਪਿਓ ਦੇ ਤੱਤਾਂ ਤੋਂ ਮਿਲਕੇ ਬਣਦਾ ਹੈ— ਪੀਂਦਾ ਆਪਣੇ ਬੱਚੇ ਦੇ ਰੂਪ ਵਿੱਚ ਸੱਚੀਂ ਮੁੱਚੀਂ ਦੁਬਾਰਾ ਜਨਮ ਲੈਂਦਾ ਹੈ — ਉਦੋਂ ਪ੍ਰੋਫੈਸਰ ਦੀਆਂ ਇਹ ਗੱਲਾਂ ਤੇ "ਹਸੌਣੀਆਂ ਜਿਹੀਆਂ" ਤਸਵੀਰਾਂ ਉਸਦੇ ਮਨ ਤੇ ਉਕਰੀਆਂ ਗਈਆਂ ਸਨ ਪਰ ਸਮੇਂ ਨਾਲ ਧੁੰਦਲਾ ਗਈਆਂ ਸਨ। ਪਰ ਹੁਣ ਜਦੋਂ ਉਸਦੀ ਵਹੁਟੀ ਨੇ ਅਚਾਨਕ ਉਹੋ ਗੱਲ ਦੁਹਰਾ ਦਿੱਤੀ ਤਾਂ ਉਹ ਡਿੱਥਾ ਜਿਹਾ ਹੋਕੇ ਸੋਚੀਂ ਪੈ ਗਿਆ। ਲਾਖੇ ਨੂੰ ਲੱਗਾ ਜਿਵੇਂ ਸੀਤਲ ਸੱਚੀਂ ਉਸਦੀ ਵਹੁਟੀ ਵੀ ਹੋਵੇ ਤੇ ਮਾਂ ਵੀ, ਤੇ ਉਹ ਉਸਦੇ ਪੇਟ ਵਿੱਚ ਨੌਂ ਮਹੀਨੇ ਰਿਹਾ ਹੋਵੇ ਤੇ ਉਸਦਾ ਦੁੱਧ ਵੀ... ਦੁੱਧ ਦਾ ਖ਼ਿਆਲ ਆਉਂਦੇ ਹੀ ਉਸਨੂੰ ਕਚਿਆਣ ਜਿਹੀ ਆਈ... ਮਨੁੱਖੀ ਰਿਸ਼ਤੇ, ਮਾਂ, ਵਹੁੱਟੀ, ਪੁੱਤ, ਪਿਉ... ਸਭ ਦੁਣਦੇ ਤਜਦੇ ਜਾਪੇ... ਸਾਰਾ ਸਰੀਰ ਪਸੀਨਾ ਪਸੀਨਾ ਹੋ ਗਿਆ। ਫੇਰ ਉਸਨੂੰ ਇਕ ਦਮ ਖ਼ਿਆਲ ਆਇਆ ਜਿਵੇਂ ਸੀਤਲ ਨੇ ਉਸਨੂੰ ਬੁਰੀ ਤਰ੍ਹਾਂ ਹਰਾ ਦਿਤਾ ਹੋਵੇ। ਮਰਦ ਹੋਕੇ ਤੀਵੀਂ ਤੋਂ ਹਾਰ? ਉਸਦਾ ਜੀ ਕੀਤਾ ਕਿ ਉਹ ਸੀਤਲ ਨੂੰ ਕੋਈ ਭੈੜੀ ਜਿਹੀ ਗਾਲ੍ਹ ਕੱਢਕੇ ਫੇਰ ਆਪਣਾ ਰੋਅਬ ਕਾਇਮ ਕਰੇ। ਪਰ ਕਿਸੇ ਗੱਲ ਦੇ ਗਾਲ੍ਹ ਕੱਢਣੀ ਉਸਨੂੰ ਔਖੀ ਜਾਪੀ। ਸੀਤਲ ਨੂੰ ਕਹਿਣ ਲਈ ਉਸ ਕੋਲ ਹੋਰ ਕੋਈ ਗੱਲ ਨਾ ਰਹੀ ਤੇ ਉਹ ਆਪਣੇ ਕਿਸੇ ਢਹੇ ਕੋਲ ਜਾਣ ਲਈ ਬੂਟ ਚੁੱਪ ਚਾਪ ਪਾਉਣ ਲੱਗ ਪਿਆ।

"ਜਾਣ ਤੋਂ ਪਹਿਲਾਂ ਘੁੱਟ ਦੁੱਧ ਦਾ ਤਾਂ ਪੀ ਜਾਂਦੇ।" ਸੀਤਲ ਨੇ ਕਿਹਾ; ਲਾਖੇ ਨੂੰ ਜਾਪਿਆ ਜਿਵੇਂ ਸੀਤਲ ਨੇ ਉਸਨੂੰ 'ਦੁੱਧ ਪੀਣ ਲਈ ਕਹਿਕੇ' ਵਿਅੰਗ ਕੀਤਾ ਹੋਵੇ।

"ਤੇਰੀ ਮਾਂ...", ਲਾਖੇ ਨੇ ਗਾਲ੍ਹ ਕੱਢਣ ਦੀ ਕੋਸ਼ਿਸ਼ ਕੀਤੀ ਪਰ ਮਾਂ ਦਾ ਸ਼ਬਦ ਆਉਂਦੇ ਹੀ ਉਸਦੀ ਜ਼ਬਾਨ ਰੁਕ ਗਈ... ਤੇ ਉਹ ਚੁਪ ਚਾਪ ਛੇਤੀ ਦਣੇ ਬੂਹਿਓਂ ਬਾਹਰ ਨਿਕਲ ਗਿਆ।

# ਦੋਸਤੀ ਦੇ ਕੌਲ ਫੁੱਲ

ਜਸਬੀਰ ਭੁੱਲਰ

ਉਸ ਦਿਨ ਇਕੱਲ ਗ਼ਰੀਬੀ ਵਾਂਗੂ ਹਾਵੀ ਹੋਈ ਬੈਠੀ ਸੀ। ਬਿਗਾਨੇ ਚਿਹਰਿਆਂ ਦੀ ਭੀੜ ਵਿਚ ਅਜੇ ਇਕੱਲ ਨੇਂ ਖ਼ੁਦਕਸ਼ੀ ਨਹੀਂ ਸੀ ਕੀਤੀ ਜਦੋਂ ਮੈਂ ਆਪਣੇ ਵੱਲ ਘੂਰਦੀਆਂ ਅੱਖਾਂ ਫੜ ਲਈਆਂ।

ਚਾਲ ਢਾਲ ਤੋਂ ਮੈਂ ਉਹਦੇ ਫ਼ੌਜੀ ਹੋਣ ਦਾ ਅੰਦਾਜ਼ਾ ਲਾਇਆ। ਉਹਦੇ ਨਕਸ਼ ਚੇਤੇ ਦੀ ਕਿਸੇ ਹਨੇਰੀ ਗੁੱਠ ਵਿਚ ਰੜਕੇ, ਇਸ ਤੋਂ ਪਹਿਲਾਂ ਕਿ ਬੀਤੇ ਦੇ ਪਾਣੀਆਂ ਦੀ ਝਿਲਮਿਲ ਕੁਝ ਪਾਰਦਰਸ਼ੀ ਹੁੰਦੀ, ਉਹ ਮੇਰੇ ਕੋਲੋਂ ਲੰਘ ਗਿਆ।

ਸਦਰ ਬਜ਼ਾਰ ਦਾ ਚੱਕਰ ਲਾ ਕੇ ਮੈਂ ਸਿਨਮੇ ਵਾਲੇ ਪਾਸੇ ਮੁੜਿਆ ਤਾਂ ਉਹ ਫਿਰ ਸਾਹਮਣਿਉਂ ਤੁਰਿਆ ਆਉਂਦਾ ਦਿਸ ਪਿਆ, ਇਸ ਵਾਰ ਉਹ ਪਹਿਲਾਂ ਠਿਠਕਿਆ ਤੇ ਫਿਰ ਮੇਰੇ ਕੋਲ ਆ ਕੇ ਖਲੋ ਗਿਆ, "ਤੁਹਾਨੂੰ ਕਿਤੇ ਵੇਖਿਆ ਹੋਇਐ ... ਤੁਸੀਂ ਖਾਲਸਾ ਕਾਲਜ ਤਾਂ ਨਹੀਂ ਪੜ੍ਹਦੇ ਰਹੇ ਸਗੋਂ ?"

ਆਪਣੀ ਮੁਸਕਰਾਹਟ ਨੂੰ ਮੈਂ ਕੁਝ ਕੁ ਝੇਪਦੇ ਸ਼ਬਦਾਂ ਉਤੇ ਉਛਾੜ ਵਾਂਗ ਚੜ੍ਹਾਉਣ ਦੇ ਜਤਨ ਵਿਚ ਸਾਂ। ਉਸ ਕਾਹਲੀ ਨਾਲ ਮੇਰੀ ਮੁਸਕਰਾਹਟ ਦੀ ਬਾਂਹ ਫੜ ਲਈ, "ਤੁਸੀਂ ਮਨਮੋਹਣ ਹੀ ਹੋ ਨਾ ?"

ਮੇਰੀ ਮੁਸਕਰਾਹਟ ਨੇ ਸਾਡੇ ਵਿਚਾਲੇ ਫ਼ੈਲਿਆ ਵਰ੍ਹਿਆਂ ਦਾ ਥਲ ਮਨਫ਼ੀ ਕਰ ਦਿਤਾ ਸੀ। ਮੈਂ ਖ਼ੁਦ ਵੀ ਉਹਦੀ ਆਵਾਜ਼ ਦਾ ਝਿਜਕਦਾ ਸੁਰ ਪਛਾਣ ਲਿਆ। ਮੇਰੇ ਚੇਤੇ ਦੀ ਹਨੇਰੀ ਗੁੱਠ ਵਿਚ ਓਸ ਪਲ ਦੀਵਾ ਬਲ ਪਿਆ।

"ਤੇਰੀ ਭਲੀ ਹੋ ਜੇ !" ਮੋਰ੍ਹਾਂ 'ਚ ਧੋਲ ਜੜਦਿਆਂ ਉਸ ਬਾਹਵਾਂ ਮੇਰੇ ਦੁਆਲੇ ਵਲਾਅ ਦਿਤੀਆਂ, "ਮੈਂ ਤੈਨੂੰ ਪਛਾਣਦਾ ਵੀ ਕਿਤਰ੍ਹਾਂ ? ਕਾਲਜ ਦੇ ਦਿਨੀਂ ਤਾਂ ਤੂੰ ਅਨਦਾੜ੍ਹੀਆ ਹੁੰਦਾ ਸੈਂ।"

"ਮੇਰੀ ਠੋਡੀ 'ਤੇ ਤਾਂ ਫੇਰ ਵੀ ਝੂਠੇ ਗਵਾਹ ਦੇ ਅੰਗੂਠੇ ਵਰਗੀ ਕਾਲੋਂ ਸੀ।" ਮੈਂ ਉਹਦੀਆਂ ਬਾਹਵਾਂ ਵਿਚ ਹੱਸਿਆ, ".. ਪਰ ਤੇਰਾ ਚਿਹਰਾ ਤਾਂ ਅਸਲੋਂ ਹੀ ਹਥੇਲੀ ਵਰਗਾ ਹੁੰਦਾ ਸੀ।"

ਨਾ ਮੈਂ ਕ੍ਰਿਸ਼ਨ ਸਾਂ ਤੇ ਨਾ ਉਹ ਸੁਦਾਮਾ, ਪਰ ਮੇਰੀ ਯਾਰੀ ਉਹਦੇ ਲੜ ਦੀ ਗੰਢ ਸੀ। ਕਮਿਸਟਰੀ ਦੇ ਸਬਕ ਮੇਰੇ ਕੋਲੋਂ ਕੰਨੀ ਕਤਰਾ ਕੇ ਗੁਜ਼ਰ ਜਾਂਦੇ ਸਨ। ਉਹ ਖ਼ਾਲੀ ਪੀਰੀਅਡ ਵਿਚ ਮੇਰੇ ਨਾਲ ਸਿਰ ਖਪਾਈ ਕਰਦਾ ਰਹਿੰਦਾ ਸੀ। ਇਸ ਤਰ੍ਹਾਂ ਝੋਨੇ ਨਾਲ ਡੀਲੇ ਨੂੰ ਵੀ ਪਾਣੀ ਮਿਲਦਾ ਰਿਹਾ ਸੀ।

ਉਸ ਦਿਨ ਅੱਤ ਦੀ ਠੰਢ ਵਿਚ ਸਰੀਰ ਸੁੰਨ ਹੋ ਗਿਆ। ਪਿਛਲਾ ਸਬਕ ਸਮਝਣ ਤੋਂ ਪਿਛੋਂ ਮੈਂ ਆਖਿਆ, "ਚਲ ਕਨਟੀਨ 'ਚੋਂ ਚਾਹ ਪੀ ਕੇ ਆਉਨੇ ਆਂ।"

ਉਹ ਦੁਚਿੱਤੀ ਵਿਚ ਸੀ ਤੇ ਮੈਂ ਉਹਨੂੰ ਬਾਹੋਂ ਫੜ ਕੇ ਨਾਲ ਲੈ ਤੁਰਿਆ।

ਕਨਟੀਨ ਦੀ ਕੁਰਸੀ ਤੇ ਬੈਠਾ ਉਹ ਬੌਣਾ ਜਿਹਾ ਹੋ ਗਿਆ, ਤੱਤੀ ਚਾਹ ਦੇ ਘੁੱਟ ਭਰਦਾ ਉਹ ਅੰਦਰ ਹੀ ਅੰਦਰ ਕਿਧਰੇ ਠਰ ਰਿਹਾ ਸੀ। ਤੁਰਨ ਵੇਲੇ ਉਹ ਜੇਬ ਨੂੰ ਹੱਥ ਮਾਰ ਕੇ ਪੈਸੇ ਦੇਣ ਦਾ ਵਿਖਾਵਾ ਵੀ ਨਹੀਂ ਸੀ ਕਰ ਸਕਿਆ। ਉਸ ਦੇ ਕਿਤਾਬਾਂ ਮੰਗ ਕੇ ਘਰ ਲਿਜਾਣ ਦਾ ਅਰਥ ਮੈਂ ਉਸੇ ਦਿਨ ਸਮਝਿਆ ਸੀ।

ਮੈਂ ਉਸ ਨੂੰ ਬਾਹੋਂ ਫੜ ਕੇ ਮੁੜ ਕਦੀ ਕਨਟੀਨ ਨੂੰ ਨਹੀਂ ਸਾਂ ਲਿਜਾ ਸਕਿਆ। ਮੈਨੂੰ ਡਰ ਹੋ ਗਿਆ ਸੀ ਕਿ ਕਿਤੇ ਉਹ ਗਿਠਮੁਠੀਆ ਨਾ ਹੋ ਜਾਵੇ।

ਉਹ ਪੁਰਾਣੇ ਚਿੱਠੇ ਫੋਲ ਕੇ ਬੈਠ ਗਿਆ।

ਸੜਕ ਦੇ ਰੁੱਖਾਂ ਨੂੰ ਘੱਟੇ ਨਾਲ ਭਰ ਕੇ ਇਕ ਕਾਰ ਸਾਡੇ ਕੋਲੋਂ ਲੰਘ ਗਈ।

"ਆ ਕਿਤੋਂ ਚਾਹ ਪੀਨੇ ਆਂ।" ਬਾਹੋਂ ਫੜ ਕੇ ਉਹ ਮੈਨੂੰ ਚਾਹ ਦੀ ਦੁਕਾਨ ਵੱਲ ਲੈ ਤੁਰਿਆ, ਖਿਲਕੁਲ ਉਸੇ ਤਰ੍ਹਾਂ ਜਿਵੇਂ ਇਕ ਵਾਰ ਮੈਂ ਉਹਦੀ ਬਾਂਹ ਫੜ ਕੇ ਕਾਲਜ ਦੀ ਕਨਟੀਨ ਵੱਲ ਲੈ ਤੁਰਿਆ ਸਾਂ।

ਅਸੀਂ ਸੁੰਞੀ ਜਿਹੀ ਦੁਕਾਨ ਦੀਆਂ ਬਿੰਧੀਆਂ ਕੁਰਸੀਆਂ 'ਤੇ ਜਾ ਬੈਠੇ।

ਅੱਜ ਸ਼ਾਮੀਂ ਮੈਂ ਕਲੱਬ ਦੇ ਫੰਕਸ਼ਨ 'ਤੇ ਵੀ ਜਾਣਾ ਸੀ। ਮੈਂ ਉਹਦੇ ਕੋਲ ਅੱਧਾ ਕੁ ਘੰਟਾ ਹੋਰ ਬੈਠ ਸਕਦਾ ਸਾਂ, ਪਰ ਯਾਰ ਨੇ ਅਤੀਤ ਦੇ ਦੀਵੇ ਬਾਲ ਲਏ ਸਨ। ਗੱਲਾਂ ਦੀ ਲੜੀ ਪਹਾੜੀ ਰਾਹਾਂ ਵਰਗੇ ਮੋੜ ਕਟਦੀ ਕੁੜੀਆਂ 'ਤੇ ਆ ਟਿਕੀ। ਹੁਣ ਗੱਲਾਂ ਦੇ ਪੰਘਲ ਹੋਣ ਤੱਕ ਅਸੀਂ ਪਾਣੀ ਪਾਈ ਜਾਣਾ ਸੀ।

"ਉਹ ਕੁੜੀ ਫੇਰ ਨਹੀਂ ਮਿਲੀ ਕਿਤੇ ?"

"ਕਿਹੜੀ ਕੁੜੀ ?"

"ਲੈ,...ਜਾਣੀ ਕੋਤਰ ਸੈ ਦੁਆਲੇ ਫਿਰਦੀਆਂ ਸੀ ਵੱਡੇ ਧੀਦੋ ਦੇ।" ਮੈਂ ਸ਼ਰਾਰਤ ਨਾਲ ਮੁਸਕਰਾਇਆ, "ਝੁੰਗੇ 'ਚੋਂ ਉਹੀ ਤਾਂ ਇਕ...।"

ਉਹ ਝੇਂਪ ਗਿਆ, ਨਹੁੰ ਨਾਲ ਮੇਜ਼ 'ਤੇ ਲੀਕਾਂ ਵਾਹੁੰਦਾ ਹੱਸਿਆ, "ਮੇਰੇ ਲਈ ਵੀ ਤਾਂ ਉਹ ਕੰਧ ਦੇ ਦੂਜੇ ਪਾਸੇ ਹੀ ਸੀ।"

ਉਸ ਸਾਲ ਉਹ ਇਮਤਿਹਾਨ ਦੇ ਨੇੜੇ ਮੇਰੇ ਕੋਲ ਹੀ ਆ ਟਿਕਿਆ ਸੀ।

ਕਰਾਏ ਦੇ ਕਮਰੇ ਨੂੰ ਸਮੁੰਦਰ ਮਿੱਥ ਕੇ ਅਸੀਂ ਬਾਤਾਂ ਦੀਆਂ ਬੇੜੀਆਂ ਤਾਰਨ ਲੱਗ ਪਏ ਸਾਂ।

ਵਿਹੜੇ 'ਚੋਂ ਆਉਂਦੀ ਉਸ ਕੁੜੀ ਦੇ ਗੀਤ ਦੀ ਗੁਣਗੁਣਾਹਟ ਸਾਡੇ ਸਲ੍ਹਾਬੇ ਕਮਰੇ ਦਾ ਪਹਿਲਾ ਸੂਰਜਮੁਖੀ ਸੀ।

ਜੇ ਆਵਾਜ਼ ਲਈ ਸਿਰਫ਼ ਕੰਨਾਂ ਦੇ ਭਿੱਤ ਖੁਲ੍ਹੇ ਰੱਖਣੇ ਹੁੰਦੇ ਤਾਂ ਕੋਈ ਗੱਲ ਨਹੀਂ ਸੀ ਪਰ ਅੱਖਾਂ ਵਿਚ ਰੇਤਥੱਲ ਸਨ ਤੇ ਸਾਡੀ ਪਿਆਸ ਵਿਚਲੇ ਦਰਵਾਜ਼ੇ ਦੀ ਮੋਰੀ ਦੀ ਮੁਹਤਾਜ ਸੀ। ਕੁੜੀ ਦੀ ਗੁਣਗੁਣਾਹਟ ਬੰਦ ਕਮਰੇ ਵਿਚ ਆ ਕੇ ਅੰਗੜਾਈ ਲੈਂਦੀ ਤਾਂ ਸਾਡੀਆਂ ਖੁੱਲ੍ਹੀਆਂ ਕਿਤਾਬਾਂ ਖੁੱਲ੍ਹੀਆਂ ਰਹਿ ਜਾਂਦੀਆਂ। ਦਗੜ ਦਗੜ ਕਰਦੇ ਅਸੀਂ ਦੋਵੇਂ ਬੰਦ ਦਰਵਾਜ਼ੇ ਵੱਲ ਦੌੜਦੇ, ਪਹਿਲਾਂ ਪਹੁੰਚਣ ਵਾਲਾ ਮੋਰੀ ਮਲ ਲੈਂਦਾ ਤੇ ਦੂਸਰਾ ਬੇਚੈਨੀ ਜਿਹੀ ਵਿਚ ਆਖਦਾ, "ਯਾਰ...ਮੈਨੂੰ ਵੀ ਥੋੜਾ ਜਿਹਾ ਵੇਖ ਲੈਣ ਦੇਹ।"

ਇਹ ਦੂਸਰਾ ਅਕਸਰ ਉਹ ਹੁੰਦਾ ਸੀ। ਆਪਣੇ ਨਾਲ ਨਿੱਤ ਹੁੰਦੇ ਅਨਿਆਂ ਦਾ ਹੱਲ ਵੀ ਉਸੇ ਨੇ ਹੀ ਲੱਭਿਆ ਸੀ। ਕੁੜੀ ਦੇ ਬੋਲਾਂ ਦੀ ਕਿਣਮਿਣ ਵਿਚ ਉਹ ਅੱਧ-ਵਲ੍ਹੇਟਿਆ ਬਿਸਤਰਾ ਦੂਸਰੇ ਮੰਜੇ 'ਤੇ ਸੁੱਟ ਕੇ — ਮੰਜਾ ਕੰਧ ਦੇ ਸਹਾਰੇ ਖੜਾ ਕਰ ਲੈਂਦਾ। ਵਾਣ ਵਿਚ ਅੰਗੂਠੇ ਫਸਾ ਕੇ ਉਹ ਅੱਖ ਝਮਕਦਿਆਂ ਰੋਸ਼ਨਦਾਨ ਤੱਕ ਪਹੁੰਚ ਜਾਂਦਾ। ਇਮਤਿਹਾਨ ਦੇ ਮੁੱਕਣ ਤੱਕ ਇਸ ਤਰ੍ਹਾਂ ਹੀ ਚਲਦਾ ਰਿਹਾ ਸੀ, ਪਰ ਉਸ ਆਪਣੀ ਔਖ ਦਾ ਕਦੀ ਗਿਲਾ ਨਹੀਂ ਸੀ ਕੀਤਾ।

ਦੋ ਪਹਾੜਾਂ ਦੇ ਵਿਚਕਾਰ ਹਮੇਸ਼ਾ ਇਕ ਨਦੀ ਹੁੰਦੀ ਹੈ, ਪਰ ਉਹ ਨਦੀ ਸਾਡੇ ਵਿਚਕਾਰ ਨਹੀਂ ਸੀ। ਉਹ ਗੁਣਗੁਣਾਉਂਦੀ ਹੋਈ ਪਾਸਿਉਂ ਦੀ ਵਗ ਰਹੀ ਸੀ। ਅਸੀਂ ਉਸ ਦੇ ਪਾਣੀਆਂ ਨੂੰ ਬਸ ਨਜ਼ਰਾਂ ਨਾਲ ਚੁੰਮਿਆ ਸੀ।

"ਹੁਣ ਤਾਂ ਸ਼ਾਇਦ ਬੀਆਬਾਨ ਜਿਹਾ ਕਮਰਾ ਆਪਣੀ ਜਵਾਨੀ ਲਈ ਹਉਕੇ ਭਰ ਰਿਹਾ ਹੋਵੇ। ਕੀ ਪਤੈ,...ਕੀ ਪਤੈ ਆਪਾਂ ਨੂੰ...ਨਈਂ!" ਮਾੜੀ ਦੇ ਆਸ਼ਕ ਨੇ ਚੁੱਪ ਵਰਗਾ ਠਹਾਕਾ ਮਾਰਿਆ, "ਜਿਹੜੀਆਂ ਕੁੜੀਆਂ ਪਹੁੰਚ 'ਤੋਂ ਬਾਹਰ ਹੁੰਦੀਆਂ ਨੇ ਉਹ ਏਨੀਆਂ ਪਿਆਰੀਆਂ ਕਿਉਂ ਲੱਗਦੀਆਂ ਨੇ ਭਲਾ?"

ਮੈਂ ਉਹਦੇ ਹਾਸੇ 'ਚੋਂ ਉਦਾਸੀ ਦੀ ਪੈੜ ਨੱਪ ਲਈ। ਇਹ ਵੀ ਇਕ ਹਾਦਸਾ ਹੀ ਸੀ ਕਿ ਉਸ ਕੁੜੀ ਨੂੰ ਲੈ ਕੇ ਕੋਈ ਹਾਦਸਾ ਨਹੀਂ ਸੀ ਹੋਇਆ। ਉਦਾਸੀ ਦੇ ਗੁੰਬਦ ਨੂੰ ਤਿੜਕਾਉਣ ਖ਼ਾਤਰ ਮੈਂ ਹੱਸਿਆ, "ਤੂੰ ਵਿਆਹ ਕਰਵਾ ਲਿਆ ਹੈ ਕਿ ਅਜੇ ਵੀ ਬੂਹਿਆਂ ਦੀਆਂ ਮੋਰੀਆਂ ਵਿਚ ਦੀ ਬਿਗਾਨੀਆਂ ਕੁੜੀਆਂ ਹੀ ਵੇਖਦਾ ਫਿਰਦੈਂ?"

"ਸੁੱਖ ਨਾਲ ਹੁਣ ਤਾਂ ਆਪਣਾ ਭਰਿਆ ਪਰਵਾਰ ਐ।" ਉਸ ਉਤਸ਼ਾਹ ਨਾਲ ਦੱਸਿਆ, "...ਤਿੰਨ ਬੱਚੇ ਨੇ।"

"ਫਿਰ ਕਦੋਂ ਮਿਲਵਾ ਰਿਹਾ ਏਂ?"

"ਮਹੀਨੇ ਕੁ ਤੱਕ ਕੁਆਟਰ ਮਿਲਜੂ। ਘਬਰਾ ਨਾ, ਟੱਬਰ ਆਏ ਦਾ ਸਾਰਿਆਂ ਤੋਂ ਪਹਿਲਾਂ ਤੈਨੂੰ ਹੀ ਪਤਾ ਲੱਗੂ।...ਪਰ ਤੂੰ ਮੇਰੀਆਂ ਹੀ ਸੁਣਦਾ ਰਹੇਂਗਾ ਕਿ ਆਪਣੀ ਵੀ ਕੋਈ ਦਸੇਂਗਾ?"

"ਮੈਂ ਤਾਂ ਇਥੇ ਈ ਆਂ, ਛਾਉਣੀ 'ਚ ਵਿਆਹ ਅਜੇ ਨਹੀਂ ਹੋਇਆ, ਹੋਣ ਨੂੰ ਫਿਰਦੈ।"

"ਫ਼ੌਜੀ ਤਾਂ ਤੂੰ ਚੋਖਟੇ ਤੋਂ ਹੀ ਦੀਹਦਾ ਏਂ, ਪਰ ਯੂਨਿਟ ਕਿਹੜੀ ਊ?"

"ਏ. ਐਸ. ਸੀ. ਬਟਾਲੀਅਨ, ਤੇ ਤੇਰੀ?"

"ਮੈਂ ਵਰਕਸ਼ਾਪ ਵਿਚ ਆਂ।"

"ਕਮਾਲ ਐ!" ਮੈਂ ਆਖਿਆ, "ਮੈਨੂੰ ਸਾਲ ਹੋਣ 'ਤੇ ਆਇਐ।......ਤੇਰਾ ਪਤਾ ਹੀ ਨਹੀਂ ਲੱਗਾ। ਤੇਰੀ ਵਰਕਸ਼ਾਪ ਨਾਲ ਤਾਂ ਮੈਨੂੰ ਕੋਈ ਨਾ ਕੋਈ ਕੰਮ ਪਿਆ ਹੀ ਰਹਿੰਦੈ।"

"ਮੇਰੇ ਹੁੰਦਿਆਂ ਤੂੰ ਹੁਣ ਆਪਣੇ ਕੰਮ ਦਾ ਜ਼ਿਕਰ ਨਾ ਕਰੀਂ...ਤੇਰੇ ਕੰਮ ਆਪਣੇ ਆਪ ਹੋਇਆ ਕਰਨਗੇ।" ਉਸ ਮਾਣ ਜਿਹੇ ਨਾਲ ਆਖਿਆ, "...ਪਰ ਵਰਕਸ਼ਾਪ ਵਿਚ ਆਵੀਂ ਜ਼ਰੂਰ। ਕਿਸੇ ਨੂੰ ਵੀ ਹੌਲਦਾਰ ਅਮੋਲਕ ਸਿੰਘ ਕਹਿ ਕੇ ਪੁੱਛ ਲਵੀਂ। ਸਾਰੇ ਜਾਣਦੇ ਨੇ। ਇਥੇ ਆਪਣਾ ਵੱਝਕਾ ਚੰਗਾ ਬਣਿਆਂ ਹੋਇਐ।"

"ਤੂੰ ਵੀ ਆਵੀਂ।"

"ਮੈਂ ਤਾਂ ਆਊਂਗਾ ਹੀ!...ਕਿਥੇ ਮਿਲੇਂਗਾ ਤੂੰ?"

"ਮੇਰਾ ਤਾਂ ਸੌਖਾ ਈ ਐ। ਵਰਕਸ਼ਾਪ ਵਾਲੀ ਸੜਕ ਸਿੱਧੀ ਅਫ਼ਸਰ ਮੈੱਸ ਨੂੰ ਆਉਂਦੀ ਐ। ਫਾਟਕ ਵਾਲੇ ਸੰਤਰੀ ਨੂੰ ਕੈਪਟਨ ਮਨਮੋਹਨ ਕਹਿ ਕੇ ਪੁੱਛ ਲਵੀਂ। ਉਹ ਤੈਨੂੰ ਮੇਰੇ ਕਮਰੇ ਤੱਕ ਛੱਡ ਜਾਊ।"

ਅਚਨਚੇਤੀ ਉਹਦਾ ਰੰਗ ਪੀਲਾ ਪੈ ਗਿਆ। ਚਾਹ ਦਾ ਆਖ਼ਰੀ ਘੁੱਟ ਕੌੜੇ ਘੁੱਟ ਵਾਂਗ ਭਰਦਿਆਂ ਉਹ

ਕੁਰਸੀ ਵਿਚ ਹੀ ਇਕੱਠਾ ਹੋ ਗਿਆ ।

"ਕਲ੍ਹ ਆ ਜਾਵੀਂ । ਕਲ੍ਹ ਮੈਂ ਵਿਹਲਾ ਈ ਆਂ ।"

"ਨਹੀਂ ਸਰ !.. ਕੱਲ੍ਹ ਤਾਂ ਆਇਆ ਨਹੀਂ ਜਾਣਾ ।...ਫੇਰ ਕਿਸੇ ਦਿਨ..." ਆਪਣੇ ਖੋਲ ਦੇ ਅੰਦਰ ਦੁਬਕਿਆ ਬੈਠਾ ਉਹ ਹੌਲੀ ਜਿਹੀ ਬੋਲਿਆ ।

ਮੇਰਾ ਸਾਹ ਸੂਤਿਆ ਗਿਆ । ਮੇਰੇ ਸਾਹਵੇਂ ਦੋਸਤੀ ਦਾ ਕੌਲ ਫੁੱਲ ਜਿਵੇਂ ਪੱਤੀ ਪੱਤੀ ਹੋ ਕੇ ਕਿਰ ਗਿਆ । ਇਕ ਅਜਨਬੀ ਕੁੜੀ ਲਈ ਰਲਾ ਕੇ ਭਰੇ ਠੰਢੇ ਸਾਹ ਗੜੇ ਬਣ ਕੇ ਸਿਰ 'ਤੇ ਡਿੱਗੇ । ਪੱਥਰ ਲੀਕਾਂ ਵਰਗਾ ਅਤੀਤ ਸਲੇਟ 'ਤੇ ਲਿਖੀ ਪਾਣੀ ਦੀ ਇਬਾਰਤ ਵਰਗਾ ਹੋ ਗਿਆ ।

ਉਹ, ਜਿਸ ਨੇ ਮਿਲਣਸਾਰ ਹੋ ਮੇਰੇ ਮੋਰਾਂ ਵਿਚ ਧੌਲ ਜੜ ਦਿਤੀ ਸੀ, ਉਹ, ਜਿਸ ਨੇ ਮੈਨੂੰ ਬਾਹਵਾਂ 'ਚ ਵਲ ਲਿਆ ਸੀ, ਉਹਨੇ ਹੁਣ ਮੈਨੂੰ ਕਦੀ ਯਾਰ ਨਹੀਂ ਸੀ ਕਹਿਣਾ, ਉਹਨੇ ਹੁਣ ਮੈਨੂੰ ਸਰ ਹੀ ਆਖਣਾ ਸੀ...

ਗ਼ਰੀਬੀ ਉਹਦੀਆਂ ਨਾੜਾਂ ਦਾ ਲਹੂ ਹੋ ਗਈ ਸੀ ਸ਼ਾਇਦ !

ਦੁਕਾਨ ਦੇ ਕਾਊਂਟਰ ਤੱਕ ਪਹੁੰਚਦਿਆਂ ਉਹ ਕਾਲਜ ਦੇ ਦਿਨਾਂ ਵਰਗਾ ਹੀ ਗ਼ਰੀਬ ਹੋ ਗਿਆ । ਅਸੀਂ ਇਕੋ ਪੌੜੀ ਦੇ ਦੋ ਡੰਡੇ ਸਾਂ । ਉਹਦੇ ਹੇਠਲਾ ਡੰਡਾ ਹੋਣ ਦਾ ਫਰਕ ਇਹ ਸੀ ਕਿ ਉਸ ਨੂੰ ਵਿਚਲੀ ਵਿੱਥ ਅਸਮਾਨ ਵਾਲੇ ਪਾਸੇ ਦਿਸਦੀ ਸੀ । ਇਸੇ ਵਿੱਥ ਨੇ ਹੀ ਮੈਨੂੰ ਯਾਰ ਤੋਂ ਅਛੂਤ ਬਣਾ ਦਿਤਾ ਸੀ ।

ਦੁਕਾਨ ਤੋਂ ਬਾਹਰ ਆਉਣ ਤੱਕ ਗੱਲਾਂ ਹਵਾ ਹੋ ਗਈਆਂ । ਮੈਂ ਟੁੱਟ ਗਈ ਤੰਦ ਨੂੰ ਫੜਨ ਲਈ ਅੱਕੀਂ ਪਲਾਹੀਂ ਹੱਥ ਮਾਰਿਆ, "ਕਿਸੇ ਤਰ੍ਹਾਂ ਦੀ ਕੋਈ ਔਖ ਹੋਵੇ ਤਾਂ ਦਸੀਂ । ਤੇਰੇ ਸਾਹਬ ਲੋਕ ਮੇਰੇ ਯਾਰ ਬੇਲੀ ਹੀ ਨੇ ।"

ਕਾਲਜ ਵਿਚ ਚਾਹ ਦੇ ਸੱਦੇ 'ਤੇ ਉਸ ਇਕ ਵਾਰ ਮੈਥੋਂ ਬਾਂਹ ਛੁਡਵਾ ਲਈ ਸੀ, ਪਰ ਅੱਜ ਜਿਵੇਂ ਉਸ ਆਪਣੀ ਬਾਂਹ ਮੇਰੇ ਕੋਲ ਹੀ ਰਹਿਣ ਦਿਤੀ, "ਸਰ ਮੇਰੀ ਰਪੋਟ ਜਾਣ ਵਾਲੀ ਐ । ਜੇ ਤੁਸੀਂ ਮੇਰੇ ਓ. ਸੀ. ਨੂੰ ਕਹਿ ਦਿਉ ਤਾਂ ਰਪੋਟ ਚੰਗੀ ਮਿਲ ਜੂ । ਏਦਾਂ ਪ੍ਰਮੋਸ਼ਨ ਦੀ ਗੱਲ ਸੌਖੀ ਬਣ ਸਕਦੀ ਐ ।"

ਮੈਂ ਉਹਨੂੰ ਦੱਸਣਾ ਚਾਹੁੰਦਾ ਸਾਂ ਕਿ ਯਾਰ ਬੱਸ ਯਾਰ ਹੁੰਦਾ ਹੈ, ਸਰ ਨਹੀਂ ਹੁੰਦਾ, ਪਰ ਉਹ ਪਹਿਲਾਂ ਹੀ ਬੋਣਾ ਸੀ ਤੇ ਮੈਨੂੰ ਉਹਦੇ ਜ਼ਮੀਨ ਤੇ ਵਿਛ ਜਾਣ ਦਾ ਤੰਖ਼ਲਾ ਮਾਰ ਗਿਆ । ਮੈਂ ਬੱਸ ਏਨਾ ਹੀ ਆਖਿਆ, "ਤੂੰ ਫ਼ਿਕਰ ਨਾ ਕਰੀਂ !...ਤੇਰਾ ਕੰਮ ਭੱਲਕੇ ਈ ਹੋਜੂ ।"

ਮਾਲ ਰੋਡ ਦੇ ਚੌਂਕ ਤੱਕ ਅਸੀਂ ਚੁੱਪਚਾਪ ਤੁਰੇ ਆਏ । ਸੜਕ ਟੱਪਦਿਆਂ ਉਸ ਪਿੱਛੇ ਮੁੜਨ ਦੀ ਗੱਲ ਕੀਤੀ, "...ਮੈਂ ਕੁਝ ਸੌਦਾ ਖ਼ਰੀਦਣਾ ਸੀ ਬਜ਼ਾਰੋਂ !"

ਸਾਡਾ ਰਾਹ ਇਕੋ ਸੀ, ਪਰ ਫੇਰ ਵੀ ਇਕੋ ਨਹੀਂ ਸੀ । ਇਕੱਠੇ ਤੁਰਨ ਦਾ ਸਿਰਫ਼ ਵਿਖਾਵਾ ਹੀ ਹੋ ਸਕਦਾ ਸੀ । ਮੇਰੇ ਦੁਆਲੇ ਸ਼ੀਖਾਂ ਦਾ ਜੰਗਲਾ ਸੀ ਤੇ ਉਹਦੇ ਦੁਆਲੇ ਬਰਫ਼ ਦੀਆਂ ਸਿਲਾਂ । ਮੈਂ ਸ਼ੀਖਾਂ ਥਾਣੀਂ ਉਹਦੇ ਵਲ ਹੱਥ ਵਧਾ ਦਿਤਾ, "ਚੰਗਾ ਫਿਰ...ਕਿਤੇ ਆਵੀਂ ਜ਼ਰੂਰ ।"

ਉਸ ਬਾਹਵਾਂ ਮੇਰੇ ਦੁਆਲੇ ਵਲਣੀਆਂ ਸਨ, ਪਰ ਉਸ ਸਾਵਧਾਨ ਹੋਣ ਦੇ ਫ਼ੌਜੀ ਅੰਦਾਜ਼ ਵਿਚ, ਬਾਹਵਾਂ ਪੈਂਟ ਦੀ ਬਾਹਰਲੀ ਸਿਊਣ ਵਲ ਖਿੱਚ ਲਈਆਂ ਤੇ ਫਿਰ ਝਿਜਕਦਿਆਂ ਝਿਜਕਦਿਆਂ ਹੱਥ ਅੱਗੇ ਕਰ ਦਿਤਾ, "ਅੱਛਾ ਸਰ...ਗੁਡ ਨਾਈਟ !"

ਉਹ ਮੇਰੇ ਕੋਲੋਂ ਇਸ ਤਰ੍ਹਾਂ ਵਿਦਾ ਹੋਇਆ ਜਿਵੇਂ ਕਿਸੇ ਇਲਜ਼ਾਮ ਦੀ ਜ਼ਿਲਤ ਉਹਦੇ ਨਾਲ ਤੁਰ ਰਹੀ ਹੁੰਦੀ ਹੈ, ਉਸ ਇਕ ਵਾਰ ਪਿਛਾਂਹ ਭੌਂ ਕੇ ਵੇਖਿਆ ਤੇ ਫਿਰ ਗੁੰਮ ਹੋਣ ਦੇ ਜਤਨ ਵਿਚ ਹਰਫਲੇ ਪੈਰ ਭੀੜ ਵੱਲ ਪੁੱਟ ਲਏ ।

ਮੈਂ ਸੜਕ ਤੇ ਖਲੋਤਾ ਮੰਦਰ ਦਾ ਕਲਸ ਹੋ ਗਿਆ ਸਾਂ । ਇਸ ਪਲ ਮੈਂ ਜਾਣਦਾ ਸਾਂ...ਉਸ ਨੇ ਹੁਣ ਮੈਨੂੰ ਦੂਰੋਂ ਹੀ ਵੇਖਣਾ ਸੀ ਤੇ ਜਾਂ ਕਦੀ ਕਦਾਈਂ ਦੁਆ ਲਈ ਹੱਥ ਅੱਡਣੇ ਸਨ... ●

---

(ਸਫ਼ਾ 27 ਤੋਂ ਅੱਗੇ)

ਗੁਰਮੇਲ—ਇਹ ਗੱਲ ਨਹੀਂ । ਕਵਿਤਾ 'ਚ ਤੁਸੀਂ ਇਕ ਸ਼ਬਦ ਵੀ ਵਾਧੂ ਨਹੀਂ ਪਾ ਸਕਦੇ । ਫਿਕਸ਼ਨ 'ਚ ਪਾ ਸਕਦੇ ਹੋ ।

ਨੂਰ— ਇਹ ਮਸਲਾ ਰੂਪਾਕਾਰ ਦੀ ਚੇਤਨਾ ਨਾਲ ਸਬੰਧਤ ਹੈ । ਦਿੱਲੀ ਵਾਲਿਆਂ ਨੇ ਇਸ ਦ੍ਰਿਸ਼ਟੀ ਤੋਂ ਮੋਹਨ ਸਿੰਘ-ਅੰਮ੍ਰਿਤਾ ਕਾਵਿ ਦਾ ਵਿਸ਼ਲੇਸ਼ਣ ਕੀਤਾ ਏ ।

ਗੁਰਮੇਲ—ਤੁਹਾਨੂੰ ਇਕ ਗੱਲ ਦਾ ਤਾਂ ਮੈਨੂੰ ਕਰੈਡਿਟ ਦੇਣਾ ਪਵੇਗਾ, ਮੈਂ ਸਾਇੰਸ ਦਾ ਵਿਦਿਆਰਥੀ ਹਾਂ, ਪਰ ਮੈਂ ਲਗਾਤਾਰ ਪੰਜਾਬੀ ਸਾਹਿਤ ਬਾਰੇ ਸੁਹਿਰਦ ਰਿਹਾਂ ।

ਹਰਿਭਜਨ—ਸੁਹਿਰਦਤਾ ਬਹੁਤ ਨਿਗੂਣੀ ਚੀਜ਼ ਏ—

ਨੂਰ— ਛੱਡੋ, ਕੋਈ ਬਾਬ ਡਿਲਨ ਤੇ ਜੋਨ ਬਾਇਜ਼ ਦੀ ਗੱਲ ਸਾਂਝੀ ਕਰੋ ।

ਗੁਰਮੇਲ—ਓਨਾਂ ਨੂੰ ਸੁਣਿਐ । ਜੋਨ ਬਾਇਜ਼ ਨੂੰ ਤਾਂ ਜੱਫੀ ਪਾ ਕੇ ਮਿਲਿਆ ਵੀ ਹਾਂ ।...... ●

## FOR ALL KINDS OF REAL ESTATE SERVICES CONTACT

OFFICE
736-3831

RES.
433-3334



**DARSHAN BRAR MA**

Real Estate Board Award Winner

Member Medallion Club & Master Member

**UNITED REALTY LTD.**

3879 Oak St.
Vancouver

ਡੈਲਟਾ ਵਿੱਚ ਗਰੋਸਰੀ ਦੀ ਨਵੀਂ ਦੁਕਾਨ

## ਪੰਜਾਬ
## ਫੂਡ
## ਸਟੋਰ

9435 ਸਕਾਟ ਰੋਡ, ਡੈਲਟਾ

ਫ਼ੋਨ: 588-4911

ਜਿਥੋਂ ਤੁਹਾਨੂੰ ਹਰ ਕਿਸਮ ਦੀ ਭਾਰਤੀ ਗਰੋਸਰੀ ਜਿਵੇਂ ਆਟਾ, ਦਾਲਾਂ, ਮਸਾਲੇ, ਤੇਲ, ਆਚਾਰ, ਬਦਾਮ ਤੇ ਹੋਰ ਬਹੁਤ ਕੁਝ ਬਹੁਤ ਸਸਤੇ ਭਾਅ ਮਿਲ ਸਕਦਾ ਹੈ।

ਤਾਜ਼ੀਆਂ ਸਬਜ਼ੀਆਂ, ਦੁੱਧ, ਮੱਖਣ ਤੇ ਹੋਰ ਕੈਨੇਡੀਅਨ ਗਰੋਸਰੀ ਵੀ ਮਿਲਦੀ ਹੈ।

ਗਾਣਿਆਂ ਦੀਆਂ 8-ਟਰੈਕ ਟੇਪਾਂ ਵੀ ਮਿਲਦੀਆਂ ਹਨ।

ਹੋਰ ਜਾਣਕਾਰੀ ਲਈ
ਦਰਸ਼ਨ ਦਿਓ ਜਾਂ ਫ਼ੋਨ ਕਰੋ!

**588-4911**

## ELITE TAILORS

**4213 MAIN STREET**
**(Between 26th and 27th Ave.)**
**Phone: 872-2276**

ਕੀ ਤੁਸੀਂ ਆਪ ਦੇਕੇ ਹਾਈ ਫੈਸ਼ਨ ਪੈਂਟਾਂ ਅਤੇ ਹੋਰ ਕੱਪੜਿਆਂ ਦੀ ਸਹੀ ਫਿਟਿੰਗ ਦੇ ਚਾਹਵਾਨ ਹੋ? ਆਪਣੇ ਭਰਾਵਾਂ ਦੀ ਆਪਣੀ ਦੁਕਾਨ ਤੇ ਆਓ ਤੇ ਸਸਤੀ ਕੀਮਤ ਤੇ ਸੇਵਾਵਾਂ ਹਾਸਲ ਕਰੋ!
ਸਾਰੇ ਪਾਸੋਂ ਮਰਦਾਵੇਂ ਪੈਂਟ ਸੂਟ ਤੇ ਸ਼ਰਟਾਂ ਵੀ ਬਾਜ਼ਾਰ ਨਾਲੋਂ ਸਸਤੇ ਮਿਲਦੇ ਹਨ!

**MEN'S PANTS Special: $ 9.95**

Regd. $17.95 to 22.95

**Satisfaction guaranteed.**
**Alterations for mens and ladies**

## RAI CONSTRUCTION LTD.

**7196 KNIGHT, VANCOUVER, B.C.**

**WE DO BASEMENT FINISHING, ALTERATIONS, ADD A ROOM OR RENOVATIONS!**

Guaranteed Low Rates
For Professional Service
Contact:

ROGER

321-9711

327-1683

# ਅਲੀ ਅਕਬਰ ਖ਼ਾਨ ਵੈਨਕੂਵਰ ਵਿੱਚ




ਹਿੰਦੋਸਤਾਨੀ ਸੰਗੀਤ, ਵਿਗਿਆਨ ਅਤੇ ਕਲਾ ਦਾ ਅਲੌਕਿਕ ਸੁਮੇਲ ਹੈ — ਕਲਾਕਾਰ ਗਿਣਤੀ ਦੀਆਂ ਛੇ ਸੱਤ ਸੁਰਾਂ ਦਾ ਬੰਧਨ ਸਵੀਕਾਰ ਕਰਕੇ ਸੰਗੀਤ-ਸਿਰਜਣਾ ਵਿੱਚ ਅਨੰਤ ਸੁਤੰਤਰਤਾ ਮਾਣ ਸਕਦਾ ਹੈ। ਕਲਾਕਾਰ ਇਸ ਸੁਤੰਤਰਤਾ ਨੂੰ ਕਿਸ ਹੱਦ ਤੱਕ ਤੇ ਕਿਵੇਂ ਵਰਤਦਾ ਹੈ — ਇਹ ਉਸਦੀ ਕਲਾ ਪ੍ਰਬੀਨਤਾ ਤੇ ਨਿਰਭਰ ਹੈ ਤੇ ਨਾਲ ਉਸਦੀ ਮਹਾਨਤਾ ਦਾ ਸੂਚਕ ਵੀ; ਸੰਗੀਤ ਦਾ ਮਾਧਿਅਮ ਭਾਵੇਂ ਮਨੁੱਖੀ ਗਲਾ ਹੋਵੇ ਤੇ ਭਾਵੇਂ ਕੋਈ ਸਾਜ਼।

ਅਲੀ ਅਕਬਰ ਖ਼ਾਨ ਜਿਸ ਸ਼ਿੱਦਤ ਤੇ ਮੌਲਿਕਤਾ ਨਾਲ ਇਸ ਸੁਤੰਤਰਤਾ ਨੂੰ ਵਰਤਦਾ ਹੈ, ਉਹ ਆਪਣੀ ਮਿਸਾਲ ਆਪ ਹੈ। ਕੋਈ ਅਤਿਕਥਨੀ ਨਹੀਂ ਕਿ ਅਲੀ ਅਕਬਰ ਖ਼ਾਨ ਹਿੰਦੋਸਤਾਨੀ ਸੰਗੀਤ ਦੇ ਇਤਿਹਾਸ ਵਿੱਚ ਸਰਵੋਤਮ ਸਰੋਦਵਾਦਕ ਹੈ।

ਅਲੀ ਅਕਬਰ ਖ਼ਾਨ ਦਾ ਇੱਕ ਸ਼ੋਅ 7 ਮਈ 1977 ਨੂੰ ਲੰਗਾਰਾ ਕਾਲਜ ਹਾਲ ਵੈਨਕੂਵਰ ਵਿੱਚ (AT 49TH AVENUE BETWEEN MAIN & CAMBIE), ਇੰਡੀਆ ਮਿਊਜ਼ਿਕ ਸੋਸਾਇਟੀ ਵੱਲੋਂ ਸ਼ਾਮ ਦੇ 8 ਵਜੇ ਪ੍ਰੋਜੈਕਟ ਕੀਤਾ ਜਾ ਰਿਹਾ ਹੈ — ( ਟਿਕਟ : 5 ਡਾਲਰ, 7 ਡਾਲਰ; ਫ਼ੋਨ: 438-5783, 438-7793) — ਵੈਨਕੂਵਰ ਵਾਸੀਆਂ ਲਈ ਅਲੀ ਅਕਬਰ ਖ਼ਾਨ ਨੂੰ ਨੇੜਿਓਂ ਸੁਣਨ ਤੇ ਵੇਖਣ ਦਾ ਸੁਨਹਿਰੀ ਮੌਕਾ ਹੈ। ਉਸਤਾਦ ਅਲੀ ਅਕਬਰ ਖ਼ਾਨ ਬਾਰੇ ਅਖ਼ਬਾਰਾਂ ਦੀਆਂ ਕੁਝ ਚੋਣਵੀਆਂ ਰਾਵਾਂ ਹੇਠ ਦਿੱਤੀਆਂ ਜਾਂਦੀਆਂ ਹਨ।

-ਅਜਮੇਰ ਰੋਡੇ
ਮੈਂਬਰ ਬੋਰਡ ਆਫ਼ ਡਾਇਰੈਕਟਰਜ਼
ਇੰਡੀਆ ਮਿਊਜ਼ਿਕ ਸੋਸਾਇਟੀ, ਵੈਨਕੂਵਰ

A legend in his own lifetime and the descendant of a long line of celebrated musicians, India's famous sarod player ALI AKBAR KHAN **"is easily among the greatest musicians in the world."** *(American Record Guide)* Both here and abroad **"he draws crowds of young people who are transported by his magic"** *(Die Welt, Berlin)* and **"hypnotized, nay even paralyzed, by the fecundity of his melodies and rhythmic thought."** *(NY Post)*

**"If God carved out a musician with His own hand, it is the ace sarod player Ustad Ali Akbar Khan."** *(The Times of India)* **"His never ending ability to subtly transform a raga into manifold ornamental jewels of sound is possibly what sets him apart."** *(Sydney, Daily Telegraph)* **"Invention, bravura, concentration, control of the far-flung line are stunning . . . that people in the audience clap and sigh—altogether, the knowingness, the quickness and freedom of response of this audience is something any musician might envy."** *(Michael Steinberg in Boston Evening Globe)*

## 5 Piece Swivel Set

only $199.95



BEAUMONT 830·830

**Prices effective while stock lasts**

*Stereo Radio/Phono/Tape Recording and Playback System*

## SPECIAL $289.95

**Package As Shown**



**Special Features:** TenTech Circuitry • AM, FM-Stereo Radio • Advanced, 8-track Tape Recorder/Player with Fast-Forward and Pause Controls • Custom, 3-Speed Electrophonic/BSR Record Changer with Cue/Pause Control and Diamond Stylus • Headphone Jack • Equipped with Speaker Matrix Switch for 4-Channel Sound with four speakers.

***Electrophonic***
AMERICA'S LARGEST STEREO MANUFACTURER

$ SAVE $

SPRI

Clea

OVER
EVER
MU

OPEN 7 DAYS
MONDAY TO THURS
FRI
SATURD
SUND

R
27

# SAVE $SAVE $SAVE

# G SALE

# rance

**4 Piece Living Room Set**

ONLY **$794.95**



includes: Chesterfield, Roto Rocker Love Seat and Automan.
LOWEST PRICE IN B.C.

High Backed, Colonial Design.
Lifetime Guarantee (Const. only)

**3 Piece Coffeetable** **$99.50** SET

## TOCKED!

## YTHING

## T GO!



LAMP 162
COMMODE 161
HACIENDA COFFEE 160

COFFEETABLE ONLY — $34.99

WEEK
9:30 TO 7:00
9:30 TO 9:00
9:30 TO 5:30
NOON TIL 5

VALUES GALORE

BUY OF A LIFETIME

# EGINA FURNITURE

7 MAIN STREET, VANCOUVER 879-8319

# ਪਾਠਕਾਂ ਦਾ ਪੰਨਾ

ਮਾਰਚ 77 ਤੋਂ 'ਪਾਠਕਾਂ ਦਾ ਪੰਨਾ' ਕਾਲਮ ਵਿੱਚ 'ਵਤਨੋਂ ਦੂਰ' ਦੀ ਕਲਾ-ਪੱਧਰ ਬਾਰੇ ਵਿਚਾਰ ਛਾਪਣੇ ਸ਼ੁਰੂ ਕੀਤੇ ਹਨ। ਸਿਰਜਣਾਤਮਕ – ਆਲੋਚਨਾਤਮਕ ਅੰਸ਼ਾਂ ਵਾਲੇ ਖ਼ਤਾਂ ਨੂੰ ਪਹਿਲ ਦਿੱਤੀ ਜਾਵੇਗੀ। ਅਸੀਂ ਪਾਠਕਾਂ ਤੋਂ ਗੰਭੀਰ ਅਤੇ ਸੰਖੇਪ ਵਿਚਾਰ-ਪਰਦਰਸ਼ਨੀ ਦੀ ਮੰਗ ਕਰਦੇ ਹਾਂ! –(ਸੰਪਾਦਕ)

ਕਈ ਵਾਰ 'ਵਤਨੋਂ ਦੂਰ' ਪੜ੍ਹਨ ਦਾ ਮੌਕਾ ਮਿਲਿਆ। ਇਸ ਵਿੱਚ ਬਹੁਤ ਸਾਰਾ ਕੀਮਤੀ ਤੱਤ ਮੈਨੂੰ ਵਿਚੋਂ ਜਿਹੜਾ ਲੱਭਾ ਜੋ ਮੌਜੂਦਾ ਸਰਮਾਏਦਾਰ ਜਮਾਤ ਤੇ ਸੱਟ ਮਾਰਦਾ ਹੈ। ਵਿਦੇਸ਼ ਵਿੱਚ ਤੁਹਾਡੇ ਇਸ ਉੱਦਮ ਦੀ ਮੈਂ ਸ਼ਲਾਘਾ ਕਰਦਾ ਹਾਂ।

– ਸੁਖਦੇਵ ਉੱਪਲ
PRINCE RUPERT, B.C.

'ਵਤਨੋਂ ਦੂਰ' ਅਕਸਰ ਮਿਲ ਜਾਂਦੈ... ਏਸ ਪ੍ਰਦੇਸ ਦੇ ਵੀਰਾਨੇ ਸਹਿਰਾ 'ਚ ਬਹਾਰ ਦੀ ਆਮਦ ਦੇ, ਫੁੱਲਾਂ ਦੇ ਚੇਤੇ ਮਹਿਕਾ ਜਾਂਦੈ। 'ਵਤਨੋਂ ਦੂਰ' ਲਈ ਸਤਨਾਜੇ ਦੇ ਸੱਤੂ ਭੇਜ ਰਿਹਾਂ, ਰੰਗ ਵੰਨ ਦੇ ਸੁਆਦ ਤੋਂ ਪਤਾ ਲੱਗ ਜਾਏਗਾ।

– ਜੀਵਨ ਸਿੰਘ ਮਾਂਗਟ
DUNCAN, B.C.

ਫ਼ਰਵਰੀ 77 ਦਾ 'ਵਤਨੋਂ ਦੂਰ' ਮਿਲਿਆ। ਰਚਨਾਵਾਂ ਪੱਖੋਂ ਪਹਿਲਾਂ ਨਾਲੋਂ ਕਾਫ਼ੀ ਨਿੱਖਰਿਆ ਹੋਇਆ ਹੈ। ਇਸ ਲਈ ਆਪ 'ਸ਼ਾਬਾਸ਼' ਦੇ ਹੱਕਦਾਰ ਹੋ। ਜਿੰਨਾ ਕੈਨੇਡਾ ਦੇ ਲੇਖਕਾਂ ਦਾ ਯੋਗਦਾਨ ਇਸ ਵਿੱਚ ਵਧ ਜਾਏਗਾ, ਉਨਾਂ ਹੀ ਇੱਥੋਂ ਦੇ ਪਾਠਕਾਂ ਦੀ ਪੂਰੇ ਪੂਰੀ ਦਿਲਚਸਪੀ ਵਿੱਚ ਵੀ ਵਾਧਾ ਹੋਵੇਗਾ।

– ਅਵਤਾਰ ਗਿੱਲ
CALGARY, ALBERTA

ਪਿਆਰੇ ਹੇਅਰ ਜੀ! ਤੁਹਾਡਾ ਭੇਜਿਆ 'ਵਤਨੋਂ ਦੂਰ' (ਮਾਰਚ 77) ਮਿਲਿਆ। 'ਵਤਨੋਂ ਦੂਰ' ਰਾਹੀਂ ਇਸ ਤਰ੍ਹਾਂ ਸਾਹਿਤ ਸੇਵਾ ਤੇ ਸਿਰਜਣ ਲਈ ਬਹੁਤ 2 ਮੁਬਾਰਕਬਾਦ। ਓਮ ਪ੍ਰਕਾਸ਼ ਸ਼ਰਮਾ ਗਾਲਬ ਦਾ ਇਕ ਰੁੱਖ ਸੀ ਜੋ ਮੌਤ ਦੇ ਝੱਖੜ ਨੇ ਪੁੱਟ ਦਿੱਤਾ ਪਰ ਉਸਦੇ "ਲੱਪ ਚਿਣਗਾਂ ਦੀ" ਵਿਚਲੇ ਗਾਲਬ ਦੇ ਬੀਜਾਂ ਨੂੰ ਕੋਈ ਵੀ ਹਨੇਰਾ ਜਾਂ ਝੱਖੜ ਖ਼ਤਮ ਨਹੀਂ ਕਰ ਸਕਦਾ। ਉਸ ਦੀਆਂ ਕਵਿਤਾਵਾਂ ਵਿੱਚ ਸਮੇਂ ਦਾ ਸੱਚ ਹੈ। ਨਵਤੇਜ ਭਾਰਤੀ ਦਾ 'ਸੁਪਨ ਸੰਚ' ਤੇ 'ਗੀਤ' ਬਹੁਤ ਹੀ ਪਿਆਰੀਆਂ ਕਿਰਤਾਂ ਹਨ। "ਕਣ ਕਣ ਵਿੱਚ ਰੱਬ ਵਸਦਾ ਹੈ" ਅਤੇ "ਸੱਭਿਅਤਾ" ਵਿੱਚ ਸੁਰਿੰਦਰ ਨੰਦ ਤੇ ਮੋਹਨ ਸ਼ਰਮਾ ਏਨੇ ਤਿੱਖੇ ਤੇ ਪ੍ਰਭਾਵਸ਼ਾਲੀ ਵਿਅੰਗ ਲਈ ਵਧਾਈ ਦੇ ਹੱਕਦਾਰ ਹਨ। ਸੁਰਿੰਦਰ ਧੰਜਲ ਨੇ ਭਗਤ ਸਿੰਘ ਤੇ ਬੀ. ਕੇ. ਦੱਤ ਦੇ ਬਿਆਨ ਦਾ ਕੁਝ ਹਿੱਸਾ ਛਾਪਕੇ ਦੋਨਾਂ ਮਹਾਨ ਇਨਕਲਾਬੀਆਂ ਨੂੰ ਸਹੀ ਸ਼ਰਧਾਂਜਲੀ ਭੇਟ ਕੀਤੀ ਹੈ – ਮੁਬਾਰਕਬਾਦ!... ਇੱਕ ਗ਼ਜ਼ਲ ਹਾਜ਼ਰ ਹੈ।

– ਕੁਲਵੰਤ ਜਗਰਾਓਂ
LUDHIANA (INDIA)

## ਜੇ ਤੁਹਾਡਾ ਪਤਾ ਬਦਲੇ

ਕਿਰਪਾ ਕਰਕੇ ਆਪਣਾ:
i) ਨਵਾਂ ਪਤਾ
ii) ਜ਼ਿਪ ਨੰਬਰ
iii) ਪੋਸਟਲ ਕੋਡ ਨੰਬਰ
iv) ਟੈਲੀਫ਼ੋਨ ਨੰਬਰ
ਸਾਨੂੰ ਭੇਜੋ!

ਵਤਨੋਂ ਦੂਰ
14768-HALSTEAD PLACE
SURREY, B.C., V3R 6S5

ਸ੍ਰੀ ਮਾਨ ਜੀ,

- ਮੈਂ ਪੰਜ ਡਾਲਰ ਭੇਜ ਰਿਹਾ ਹਾਂ। ਕਿਰਪਾ ਕਰਕੇ ਹੇਠ ਲਿਖੇ ਪਤੇ ਤੇ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਓ:
- ਮੈਂ ਅੱਠ ਡਾਲਰ ਭੇਜ ਰਿਹਾ ਹਾਂ। ਕਿਰਪਾ ਕਰਕੇ ਉੱਤਰੀ ਅਮਰੀਕਾ ਤੋਂ ਬਾਹਰ ਮੇਰੇ ਸਨੇਹੀ ਨੂੰ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਓ:
- ਅਸੀਂ ਅੱਠ ਡਾਲਰ ਭੇਜ ਰਹੇ ਹਾਂ। ਕਿਰਪਾ ਕਰਕੇ ਕੈਨੇਡਾ ਵਿੱਚ ਇਨ੍ਹਾਂ ਦੋ ਪਤਿਆਂ ਤੇ ਇਕ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਓ: (ਭਾਵ ਦੋ ਜਣੇ ਇਕੱਠੇ ਭੇਜਣ ਤੇ ਦੋ ਡਾਲਰ ਰਿਆਇਤ!)

ਮਿਨੀ ਸਥਾਈ ਕਾਲਮ

## ਉਸ ਦੀਆਂ ਸਹੇਲੀਆਂ

ਅਵਤਾਰ ਸਿੰਘ ਬੈਲਗਾਮੀ (ਅਮਰੀਕਾ)

ਉਹ ਦਿਨੇ ਇਕ ਫੈਕਟਰੀ ਵਿੱਚ ਕੰਮ ਕਰਦਾ ਸੀ ਅਤੇ ਸ਼ਾਮ ਨੂੰ ਇਕ ਹੋਟਲ ਵਿੱਚ। ਦੋ ਹਫ਼ਤਿਆਂ ਬਾਅਦ ਜਦੋਂ ਦੋ ਚੈੱਕ ਮਿਲਦੇ, ਉਸਨੂੰ ਆਪਣੀ ਜੇਬ ਭਰੀ ਭਰੀ ਲਗਦੀ। ਉਹ ਸਿੱਧਾ ਬੈਂਕ ਵਿੱਚ ਜਾਂਦਾ। ਕੁਝ ਰਸਦ-ਪਾਣੀ ਅਤੇ ਸੁਗਲ-ਮੇਲੇ ਲਈ ਰੱਖਕੇ ਬਾਕੀ ਜਮ੍ਹਾਂ ਕਰਾ ਦਿੰਦਾ। ਰਸਦ-ਪਾਣੀ ਨਾਲੋਂ ਬਹੁਤਾ ਖਰਚ ਉਹਦਾ 'ਸੁਗਲ-ਮੇਲੇ' ਅਤੇ 'ਚੋਹਲ-ਮੋਹਲ' ਉੱਤੇ ਆਉਂਦਾ ਸੀ।

ਐਂਜੁਲਾ 'ਚੋਹਲ-ਮੋਹਲ' ਲਈ ਉਹਦੇ ਪਰਖੇ ਹੋਏ 'ਪੰਛੀਆਂ' ਵਿੱਚੋਂ ਇਕ ਸੀ। ਜਦੋਂ ਉਹਨੂੰ ਐਂਜੁਲਾ ਦੀ ਭਾਲ ਹੁੰਦੀ ਘੁੰਮਦਾ ਫਿਰਦਾ ਉਹ 'ਗੋਲਡਨ-ਇਨ' ਵਿੱਚ ਚਲਿਆ ਜਾਂਦਾ। ਗੁੱਟ ਹੋਏ ਜੋੜੀ ਘਰ ਵੱਲ ਮੋੜੇ ਪਾਉਂਦੀ। ਸੇਖੋਂ ਦੀ ਕਮਜ਼ੋਰੀ ਇਹ ਸੀ ਕਿ ਉਹ ਨਸ਼ੇ ਦੇ ਅਸਰ ਹੇਠ ਝੂਠ ਨਹੀਂ ਸੀ ਬੋਲ ਸਕਦਾ। ਐਂਜੁਲਾ ਦੀ ਸਿਫ਼ਤ ਇਹ ਸੀ ਕਿ ਸੋਫ਼ੀ ਉਹ ਜਿੰਨਾ ਚੁੱਪ-ਗੜੁੱਪ ਹੁੰਦੀ, ਨਸ਼ੱਈ ਉਨ੍ਹਾਂ ਹੀ ਬੋਲ-ਬੁੱਕਰ। ਜੋ ਮੂੰਹ ਆਉਂਦਾ ਪਟਾਕਦੀ ਰਹਿੰਦੀ।

ਐਂਜੁਲਾ ਜਾਣਦੀ ਸੀ ਕਿ ਉਹ ਇੰਡੀਆ ਵਿੱਚ ਸਕੂਲ ਟੀਚਰ ਹੁੰਦਾ ਸੀ। ਸੈਰ ਦੇ ਬਹਾਨੇ ਏਥੇ ਆਇਆ ਛੁੱਟੀ ਮਾਰ ਗਿਆ ਸੀ ਤੇ ਫਿਰ ਪਿੱਛੇ ਜਿਹੇ ਪੱਕੀ ਹੋ ਗਿਆ ਸੀ। ਉਸਦੀ ਪਤਨੀ ਅਤੇ ਇਕੋ ਇਕ ਬੱਚੀ ਬਾਰੇ ਵੀ ਐਂਜੁਲਾ ਨੂੰ ਗਿਆਨ ਸੀ ਕਿ ਕਿਵੇਂ ਉਹ ਪਿੱਛੇ ਪੰਜਾਬ ਵਿੱਚ ਵੀਰਾਨ ਜਿਹੀ ਜ਼ਿੰਦਗੀ ਬਤੀਤ ਕਰਦੀਆਂ ਸਨ। ਉਸਦੇ ਆਮਦਨ ਅਤੇ ਖਰਚ ਬਾਰੇ ਵੀ ਉਹ ਨਹੁੰ-ਨਹੁੰ ਜਾਣੂ ਸੀ।

ਇਕ ਰਾਤ ਉਹ ਦੋਵੇਂ ਗੋਲਡਨ-ਇਨ 'ਚੋਂ ਪਰਤੇ ਹੀ ਸਨ ਕਿ ਐਂਜੁਲਾ ਦੀ ਨਜ਼ਰੀਂ ਸਿਰਹਾਣੇ ਹੇਠ ਪਿਆ ਫਿਲਮੀ ਰਿਸਾਲਾ ਪੈ ਗਿਆ। ਗੁੰਦਵੇਂ ਅੰਗਾਂ ਅਤੇ ਘੁੰਗਰਾਲੀਆਂ ਜ਼ੁਲਫ਼ਾਂ ਵਾਲੀ ਤਸਵੀਰ ਵੇਖਕੇ ਉਹ ਬੋਲੀ:

"ਸੇਖਨ, ਤੂੰ 'ਇੰਡੀਅਨ ਸਹੇਲੀਆਂ' ਵੀ ਰਖਦਾ ਐਂ?"

"ਹਾਂ, ਕਈ ਨੇ।", ਉਸਨੇ ਫੜ੍ਹ ਮਾਰੀ।

"ਮੈਂ ਤਾਂ ਤੇਰੇ ਨਾਲ ਕਦੀ ਕੋਈ ਨਹੀਂ ਵੇਖੀ।"

"ਇੰਡੀਅਨ ਬਹੁਤ ਮਹਿੰਗੀਆਂ ਪੈਂਦੀਆਂ ਨੇ। ਰੇਟ ਜ਼ਿਆਦਾ ਮੰਗਦੀਆਂ ਨੇ। ਇਸੇ ਕਰਕੇ ਘੱਟ ਵਧਦੀ...", ਸ਼ਰਮਾ-ਪਰਦੀ 'ਚ ਉਸਨੇ ਝੂਠ ਨੂੰ ਸੱਚ ਬਣਾ ਦਿੱਤਾ।

"ਹੁਣ ਤੂੰ ਮਹੀਨੇ ਦੇ ਕਿੰਨੇ ਕਲੀਅਰ ਕਰਦਾ ਏਂ?"

"ਇਹੋ, ਕੋਈ ਅੱਠ ਨੌਂ ਸੌ... ...!"

"ਮੈਂ ਸ਼ਰਤ ਲੌਂਦੀ ਆਂ ਤੇਰੀ ਵਾਈਫ਼ ਤੇਰੇ ਨਾਲੋਂ ਵੱਧ ਕਮਾਉਂਦੀ ਹੋਊ!"

"ਉਹਨੇ ਕਮਾਈ ਕੀ ਕਰਨੀ ਏਂ ਐਂਜੁਲਾ, ਉਹ ਤਾਂ ਸਾਰੀ ਦਿਹਾੜੀ ਨਿੱਕੀ ਨੂੰ ਨਹਾਉਣ-ਸਜਾਉਣ 'ਚ ਲੱਗੀ ਰਹਿੰਦੀ ਹੋਊ ਏ।"

"ਸੇਖਨ, ਤੂੰ ਬੁੱਧੂ ਏਂ। ਔਰਤਾਂ ਕਮਾਈ ਦਿਨ ਨੂੰ ਨਹੀਂ, ਰਾਤ ਨੂੰ ਕਰਦੀਆਂ... ਮੇਰੇ ਵਾਂਗ।"

ਉਸਦੇ ਜਿਵੇਂ ਦੁਨਾਲੀ ਵੱਜੀ ਹੋਵੇ, "ਸ਼ੱਟ-ਅੱਪ ਯੂ ਸਟੂਪਿਡ! ਇੰਡੀਅਨ ਔਰਤਾਂ ਤੇਰੇ ਵਾਂਗ ਨਹੀਂ ਕਰਦੀਆਂ।"

ਐਂਜੁਲਾ ਰੋਹ 'ਚ ਆ ਗਈ। ਬਕਰਾਲੀ ਹੋਈ ਊਠਣੀ ਵਾਂਗ ਉਸਨੂੰ ਪੈ ਗਈ, "ਯੂ ਸ਼ੱਟ-ਅੱਪ ਈਡੀਅਟ! ਉਹ ਜੋ ਤੈਥੋਂ ਜ਼ਿਆਦਾ ਰੇਟ ਮੰਗਦੀਆਂ, ਉਹ ਕੀਹਦੇ ਵਾਂਗ ਕਰਦੀਆਂ?"

ਉਹ ਦੰਦੀਆਂ ਕਰੀਚਦਾ ਹੀ ਰਹਿ ਗਿਆ — ਉਸਦੀ 'ਸਹੇਲੀ' ਨੋਟ ਚੁੱਕ ਕੇ ਤੁਰਦੀ ਬਣੀ।


### ਧਾਰਮਿਕ ਪੁਸਤਕਾਂ

ਸਿੰਘ ਸਾਹਿਬ ਗਿਆਨੀ ਮਨੀ ਸਿੰਘ ਜੀ (ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ) ਦੀਆਂ ਚਾਰ ਧਾਰਮਿਕ ਪੁਸਤਕਾਂ, ਜਿਨ੍ਹਾਂ ਵਿੱਚ ਗੁਰਮਤਿ ਮਰਯਾਦਾ ਉਤੇ ਖੋਜ ਭਰਪੂਰ ਚਾਨਣਾ ਪਾਉਣ ਦਾ ਯਤਨ ਕੀਤਾ ਗਿਆ ਹੈ, ਕੈਨੇਡਾ ਵਿੱਚੋਂ ਹੀ ਮਿਲ ਸਕਦੀਆਂ ਹਨ :-

ਗੁਰਬਾਣੀ ਪ੍ਰਬੋਧ ਸਾਗਰ (ਸਫ਼ੇ 712) : ਸੱਤ ਡਾਲਰ
ਸੋਢ ਚਮਤਕਾਰ (ਸਫ਼ੇ 272) : ਸਾਢੇ ਤਿੰਨ ਡਾਲਰ
ਅਨਮੋਲ ਬੋਲ (ਸਫ਼ੇ 304) : ਚਾਰ ਡਾਲਰ
ਮਨੀ ਮ੍ਰਿਗੇਸ਼ ਦਰਪਣ : ਢਾਈ ਡਾਲਰ

ਮਿਲਣ ਦਾ ਪਤਾ: WESTERN BOOK STORE 701-12th STREET, NEW-WESTMINSTER, B.C.
ਫੋਨ: 525-2232

# ਪਾਤਰ

ਮੁਖ਼ਤਾਰ ਗਿੱਲ

ੳ ਉਸ ਨੂੰ ਵਾਰਡ ਦੇ ਬਾਹਰਲੇ ਦਰਵਾਜ਼ੇ 'ਚੋਂ ਦਾਖਲ ਹੋਣ ਤੋਂ ਪਹਿਲਾਂ ਹੀ ਇਕ ਬਾਂਝ ਜਿਹੀ ਔਰਤ ਨੇ ਰੋਕ ਲਿਆ।

ਸ਼ੀਸ਼ੇ ਵਿਚ ਦੀ ਉਸਦਾ ਧਿਆਨ 8 ਨੰਬਰ ਬੈੱਡ 'ਤੇ ਸੀ।
"ਐਕਸਪਾਇਰਡ"

ਪਲ ਦੀ ਪਲ ਸ਼ੀਸ਼ੇ ਵਿਚੋਂ ਉਸਨੂੰ ਆਪਣਾ ਪੀਲਾ, ਬੀਮਾਰ ਥਕਿਆ ਹਾਰਿਆ ਚਿਹਰਾ ਦਿਸ ਰਿਹਾ ਸੀ ਜਿਸ 'ਤੇ ਕਈ ਰੰਗ ਆਏ ਤੇ ਕਈ ਰੰਗ ਜਾ ਰਹੇ ਸਨ। ਕਾਲਾ ਧੁਆਂਖਿਆ ਉਤਰਿਆ ਮੂੰਹ ਬੜਾ ਡਰਾਉਣਾ ਹੁੰਦਾ ਜਾ ਰਿਹਾ ਸੀ। ਉਹ ਸ਼ਬਦ ਪੜ੍ਹ ਫਿਰ ਇਕ ਦਮ ਅਚਾਨਕ ਜ਼ੋਰ ਦੀ ਹੱਸਿਆ—ਜਿਵੇਂ ਕਿਸੇ ਅੰਨ੍ਹੇ ਖੂਹ 'ਚ ਇੱਟ ਡਿੱਗੀ ਹੋਵੇ ਤੇ ਆਵਾਜ਼ ਪਰਤੀ ਹੋਵੇ—ਐਕਸਪਾਇਰਡ......ਐਕਸਪਾਇਰਡ।

ਅ ਅਸੀਂ ਨਿੱਕੇ ਹੁੰਦੇ ਡਿੱਕੋ ਆ ਆ ਬਣੇ ਹਾਣੀ ਹਾਂ। ਜਦੋਂ ਕੋਈ ਇਕ ਵਾਰ ਕੌਡੀ ਕੌਡੀ ਕਰਦਾ ਦੂਸਰੇ ਪਾਸੇ ਵਾਲੇ ਵਿਰੋਧੀ ਹਾਂਡੀ ਨੇ ਛੂਹ ਕੇ ਢੇਰੀਆਂ ਵਿਚ ਆ ਸਾਹ ਮੁਕਾਏ ਤਾਂ ਛੂਹੇ ਜਾਣ ਵਾਲਾ ਹਾਣੀ ਮਰ ਜਾਂਦਾ ਹੁੰਦਾ ਸੀ।

ੲ ਈਸੋ ਨਾਂ ਦੀ ਔਰਤ ਹਸਪਤਾਲ ਦੇ ਬਾਹਰ ਖੜੀ ਰੇਹੜੀ ਤੋਂ ਆਪਣੇ ਪਤੀ ਨੂੰ ਜੀਉਂਦਿਆਂ ਰਖਣ ਲਈ ਫਲ ਲੈਣਾ ਚਾਹੁੰਦੀ ਹੈ। ਡਾਕਟਰ ਜੁ ਕਹਿੰਦਾ ਸੀ—ਫਲਾਂ ਨਾਲ ਲਹੂ ਬਣੇਗਾ ਤੇ ਲਹੂ ਨਾਲ ਉਹ ਤੁਰੇ ਫਿਰੇਗਾ—ਜੇ ਤੁਰੇ ਫਿਰੇਗਾ ਫੇਰ ਹੀ ਰਿਕਸ਼ਾ ਚਲਾਏਗਾ ਜੇ ਰਿਕਸ਼ਾ ਚਲਾਏਗਾ ਤਾਂ ਫੇਰ ਹੀ......। ਸਾਰੀਆਂ ਕਿਸਮਾਂ ਦੇ ਫਲਾਂ ਨੂੰ ਫੜ ਫੜ ਵੇਖ ਚੁੱਕੀ ਹੈ—ਫਲਾਂ ਵਾਲਾ ਖਿਝ ਚੁਕਾ ਹੈ ਭਾਅ ਦੱਸ ਦੱਸ ਕੇ। ਪਰ ਮੁੱਠੀ ਵਿਚ ਘੁੱਟੇ—ਪਾਟੇ ਪੁਰਾਣੇ ਨੋਟ ਵਲ ਵੇਖ ਚੁਪ ਕਰ ਰਹਿੰਦਾ ਹੈ।

ਸ ਸ਼ਹਿਰ ਦੀ ਮੰਡੀ—ਮੰਡੀ ਦੇ ਬਾਹਰ ਵਿਛੀ ਬੋਰੀ 'ਤੇ ਪਿਆ ਫਲਾਂ ਦਾ ਢੇਰ—ਜਿਵੇਂ ਵੱਡੀ ਕੋਠੀ ਦੇ ਬਾਹਰ ਸੁੱਟਿਆ ਗਿਆ ਕੂੜੇ ਕਰਕਟ ਦਾ ਢੇਰ ਹੋਵੇ। ਸਿਰਫ ਸੁੱਟਣ ਵਾਲਾ ਹੀ......।

ਹ ਹਰਸੀਰਤ ਨਾਂ ਦਾ ਇਹ ਪਾਤਰ ਆਪਣੀ ਇਕੱਲ ਤੇ ਘੁਟਣ ਤੋਂ ਡਰਦਾ ਕਮਰੇ 'ਚੋਂ ਭੱਜ ਆਇਆ ਹੈ। ਸੰਘਣੇ ਹਨ੍ਹੇਰੇ ਦੀਆਂ ਨੁੱਕਰਾਂ ਵਿਚ ਫਸੇ ਬੀਮਾਰ ਚਿਹਰਿਆਂ ਦੀਆਂ ਉਸ ਕਹਾਣੀਆਂ ਵੀ ਲਿਖੀਆਂ ਸਨ ਜਿਨ੍ਹਾਂ ਵਿਚ ਉਸਦੀ ਆਪਣੀ ਪੀੜਾ, ਉਦਾਸੀ ਤੇ ਆਪਣੇ ਆਪ ਤੋਂ ਆਪਣੇ ਆਪ ਤਕ ਕੀਤੇ ਸਫ਼ਰ ਦੀ ਗੱਲ ਹੁੰਦੀ ਸੀ—ਉਹ ਸੈਟਿਸਫਾਈ ਨਹੀਂ ਸੀ।

ਉਹ ਨਸ਼ੇ ਵਿਚ ਸੜਕਾਂ ਗਾਹੁੰਦਾ—ਗਾਲ੍ਹਾਂ ਕਢਦਾ ਤੇ ਇਕ 'ਤਸੱਲੀ' ਦੀ ਭਾਲ ਵਿਚ 'ਅਬਸਰਡ ਹੋਣ ਦਾ ਢੋਂਗ ਕਰਦਾ ਇਹ ਜਾਣਦਿਆਂ ਵੀ ਕਿ ਢੋਂਗ ਅਕਸਰ ਢੋਂਗ ਹੀ ਹੁੰਦਾ ਹੈ।

—0—

ੳ ਦਾ ਇਕ ਪਿੰਡ ਸੀ—ਪਿੰਡ ਦਾ ਸਕੂਲ ਤੇ ਸਕੂਲ ਵਿਚ ਉਹ ਦੋਵੇਂ ਪੜ੍ਹਦੇ ਹੁੰਦੇ ਸਨ। ਉਹ ਹਿਸਾਬ ਦੇ ਪੀਰੀਅਡ—ਚਾਕ ਦਾ ਟੋਟਾ ਫੜਦਾ—ਨਿਸ਼ਾਨਾ ਲਾਉਂਦਾ ਤੇ ਸਹੀਆਂ ਭੰਨ ਰਹੇ ਮਾਸਟਰ ਜੀ ਦੇ ਬਲੈਕ ਬੋਰਡ 'ਤੇ ਮਾਰਦਾ। ਸਜ਼ਾ ਹਮੇਸ਼ਾ ਕਿਸੇ ਹੋਰ ਨੂੰ ਹੁੰਦੀ। ਉਸ ਪਿਆਰੇ ਜਿਹੇ ਨਾਂ ਵਾਲੀ ਕੁੜੀ ਨੇ ਉਸਦਾ ਨਾਂ ਮੌਸ਼ਨ ਪਾਇਆ ਸੀ। ਉਹ ਮੌਸ਼ਨ ਫੜਦੇ ਫੜਦੇ ਵੱਖ ਵੱਖ ਦਿਸ਼ਾਵਾਂ ਨੂੰ ਹੋ ਗਏ ਸਨ। ਫਿਰ ਅਜਿਹੇ ਉੱਕੇ—ਦੂਰ ਹੀ ਦੂਰ ਹੁੰਦੇ ਗਏ।

ਅੱਜ ਕਈ ਸਾਲੀਂ ਉਸਨੇ ਆਪਣੇ ਆਪ ਨੂੰ ਹਸਪਤਾਲ ਦੇ ਬਾਹਰ ਪਾਇਆ—ਚਿਲਡਰਿਨ ਵਾਰਡ ਦੇ ਦਰਵਾਜ਼ੇ ਅੱਗੇ। ਉਹ ਲੰਘਣਾ ਚਾਹੁੰਦਾ ਹੈ ਤੇ ਭੱਜ ਕੇ ਮਿਲਣਾ ਵੀ...ਪਰ ਜ਼ਿੰਦਗੀ ਦੀ ਇਹ ਸਹੀ ਭੰਨਣ ਵੇਲੇ ਦਰਵਾਜ਼ੇ 'ਤੇ ਕਿਸੇ ਚਾਕ ਦਾ ਟੁਕੜਾ ਨਹੀਂ ਲੋਹੇ ਦਾ ਬਾਟਾ ਮਾਰਿਆ ਤੇ ਅੰਦਰਲੇ ਤਿੜਕੇ ਸ਼ੀਸ਼ੇ ਦੇ ਹੋਰ ਟੁੱਕੜੇ ਹੋ ਗਏ।
ਵੱਡੇ ਸਾਹਬ ਦੀ "ਰੌਂਦ" ਹੋ ਰਹੀ ਸੀ।
ਉਸਦਾ ਧਿਆਨ ਬੈੱਡ 'ਤੇ ਹੈ।

ਵੱਖ ਵੱਖ ਰਾਹਵਾਂ ਵਾਲੀ ਕੁੜੀ...ਕਿਸੇ ਵਲੋਂ ਹੋ ਕੇ ਰਾਹੀਂ ਪਰਤੀ ਗੋਦ ਵਿਚ ਬੱਚਾ ਲੈ

ਅੱਖਾਂ ਵਿਚ ਦੋ ਅਥਰੂ ਲਈ ਉਸ ਵਲ ਤਕ ਰਹੀ ਸੀ ।

ਡਾਕਟਰ ਡੈੱਥ ਸਰਟੀਫਾਈ ਕਰ ਚੁੱਕਾ ਸੀ—ਬੱਚੇ ਦੀ ਲਾਸ਼ ਲੈਣ ਲਈ ਕੁੜੀ ਨੇ ਵਿੰਗੇ ਟੇਢੇ ਸਾਈਨ ਕਰ ਦਿਤੇ ਸਨ ।

ਵੱਡੇ ਵੱਡੇ ਸ਼ਬਦਾਂ ਵਿਚਲੇ ਅੱਖਰਾਂ...ਐ...ਕ...ਸ...ਪਾ...ਇ...ਰ...ਨਾਲ ਉਸਦਾ ਮੱਥਾ ਵੱਜਾ। ਸ਼ੀਸ਼ੇ 'ਤੇ ਖ਼ੂਨ ਦਾ ਟੇਪਾ ਜੰਮ ਚੁਕਾ ਸੀ ।
ਦਰਵਾਜ਼ਾ ਕਦੋ ਦਾ ਖੁਲ ਚੁਕਾ ਸੀ ।

—0—

ਅ ਨਿੱਕੇ ਤੋਂ ਵੱਡਾ ਹੋਇਆ—ਉਸਦਾ ਪਿਓ ਮਰ ਗਿਆ । ਹਰ ਸਾਧਾਰਨ ਕਿਸਾਨ ਪਿਉ ਵਾਂਗ ਉਸਦਾ ਪਿਉ ਵੀ ਸੁਸੈਟੀ—ਬੈਂਕ ਅਤੇ ਕੁਝ ਰਿਸ਼ਤੇਦਾਰਾਂ ਦਾ ਸਿਰ ਕਰਜ਼ਾ ਛੱਡ ਗਿਆ । ਸਾਰਿਆਂ ਭੈਣ ਭਰਾਵਾਂ ਦੇ ਵਿਆਹਾਂ ਤੇ ਹੋਰ ਖੁਸ਼ੀਆਂ ਗਮੀਆਂ ਵੇਲੇ ਪਾਏ ਗਹਿਣੇ ਜ਼ਮੀਨ ਦੇ ਟੁਕੜਿਆਂ ਤੋਂ ਬਿਨਾਂ ਉਹਨਾਂ ਦੇ ਵੰਡੇ ਡੂਢ ਡੂਢ ਕਿੱਲਾ ਭੋਂ ਆਈ ਸੀ ।

ਲੋੜਾਂ ਨਾਲ ਭੰਨੀ ਵਹੁਟੀ ਹਰ ਵੇਲੇ ਲੜੂੰ ਲੜੂੰ ਕਰਦੀ—ਕੁੜੀ ਦੇ ਹੱਥ ਪੀਲੇ ਕਰਨ ਦਾ ਫਿਕਰ ਕੁੜੀ ਦੇ ਨਾਲ ਹੀ ਕੋਠੇ ਜਿੱਡਾ ਹੋਇਆ ਪਿਆ ਹੈ । ਖਾਦ, ਤੇਲ, ਕੱਪੜਾ ਅਤੇ ਹੋਰ ਲੋੜਾਂ ਵਿਤੋਂ ਬਾਹਰ ਹੋ ਗਈਆਂ—ਇਹਨਾਂ ਲੋੜਾਂ ਨੇ ਇਕ ਵਾਰ ਫਿਰ ਉਸਨੂੰ "ਮਾਰ" ਲਿਆ ਹੈ ।

ਹੁਣ ਉਹਦਾ ਕੋਈ ਵੀ ਇਕੱਲਾ ਹਾਣੀ—ਵਿਰੋਧੀ ਪਾਸੇ ਕੌਡੀ ਕੌਡੀ ਕਰਦਾ ਜਾ ਕੇ ਵੀ—ਛੂਹਕੇ ਅਤੇ ਬਿਨਾਂ ਸਾਹ ਮੁਕਾਏ ਢੇਰੀਆਂ ਵਿਚ ਆ ਕੇ ਵੀ ਆਪਣੇ "ਹਾਣੀ" ਨੂੰ ਨਹੀਂ ਜੀਵਾ ਸਕਦਾ । ਜੇ ਸਾਰੇ ਮਿਲ ਕੇ ਕੌਡੀ ਕੌਡੀ ਕਰਦੇ ਛੂਹ ਵੀ ਲੈਣ...ਪਰ ਉਸ ਤਕ ਜਾਂਦੇ ਦਾ ਸਾਹ ਹੀ ਉਖੜ ਜਾਏਗਾ ।

—0—

ੲ—ਈਸੋ ਸਾਰੀ ਦੀ ਸਾਰੀ ਮੁਕੀ ਪਈ ਹੈ—ਅੰਦਰ ਵਾਰਡ ਵਿਚ ਪਿਆ ਉਸਦਾ ਪਤੀ ਖ਼ਤਮ ਹੋ ਰਿਹਾ ਹੈ । ਜਾਗਦੀਆਂ ਰਾਤਾਂ ਅੱਖਾਂ ਵਿਚ ਵੜ ਕੇ ਸੁੱਜ ਗਈਆਂ ਹਨ । ਵਾਰਡ ਦੇ ਉਹਦੇ ਆਪਣੇ ਵਰਗੇ ਹੀ ਸਰਕਾਰੀ ਮੁਲਾਜ਼ਮਾਂ ਦੀਆਂ ਝਿੜਕਾਂ ਨੇ ਉਹਦਾ ਸਾਰਾ ਲਹੂ ਸਾੜ ਸੁੱਟਿਆ ਹੈ। ਉਹ ਕੁਝ ਨਾ ਕੁਝ ਚਾਹੁੰਦੇ ਹਨ—ਆਪਣੀ ਹਸਪਤਾਲ ਦੀ ਬੋਲੀ ਵਿਚ ਮੰਗਦੇ ਹਨ ।

—ਦਲੀਆ ਵੰਡਣ ਵਾਲਾ ਉਹਦੇ ਕੱਪ ਵਿਚ ਖ਼ਾਲੀ ਕੜਛੀ ਹੀ ਖੜਕਾਉਂਦਾ ਹੈ ।

—ਚਾਹ ਵੰਡਣ ਵਾਲੀ ਮਾਈ—ਹੇਠਲੀ ਗੰਦੀ ਪੱਤੀ ਨਾਲ ਹੀ ਕੱਪ ਭਰ ਦੇਂਦੀ ਹੈ ।

—ਐਕਸਰੇ ਜਾਂ ਔਪਰੇਸ਼ਨ ਲਈ ਖੜ੍ਹਨ ਵਾਲੀ ਸਟਰੇਚਰ ਅੜ ਅੜ ਚਲਦੀ ਹੈ ।

ਸਫਾਈ ਵਾਲੇ ਜਮਾਂਦਾਰ ਜੀ ਨੇ "ਜਨਾਬ ਦੇ ਹੁਕਮ" ਨਾਲ ਸੰਗ-ਮਰਮਰ ਦੀ ਫਰਸ਼ (ਠੰਡੇ ਤੇ ਵਾਹਰੇ) 'ਤੇ ਬਿਸਤਰਾ ਲਾ ਦਿਤਾ ਹੈ ।

—ਸਰਕਾਰੀ ਦੁਆਈ ਤੇ ਟੀਕੇ......ਉਸ ਜੋਗੇ ਨਹੀਂ ਹਨ ਜਿਹੜੇ ਅਕਸਰ ਬਾਹਰੋਂ ਆਮ ਮਿਲਦੇ ਹਨ ।

—ਡਾਕਦਾਰ ਕਮਜ਼ੋਰੀ ਲਈ ਮਰੀਜ਼ ਦੀ ਵਾਰਸ ਹੱਥ ਅੰਡੇ, ਮੀਟ, ਜੂਸ ਤੇ ਫਲਾਂ ਦੀ ਲਿਸਟ ਦੇਂਦਾ ਹੈ ।

ਰੇਹੜੀ 'ਤੇ ਸੌਦਾ ਹੋ ਰਿਹਾ ਹੈ । ਹਰ ਫਲ ਡੇਢ ਤੋਂ ਢਾਈ ਰੁਪਏ ਪਾ ਹੈ । ਉਸਦੀ ਮੁੱਠੀ ਵਿਚ ਮੁੜ੍ਹਕੇ ਨਾਲ ਭਿੱਜ ਚੁਕਾ ਮੈਲਾ ਕੁਚੈਲਾ ਰੁਪਏ ਦਾ ਨੋਟ ਹੈ ।

ਬੜੀਆਂ ਸੋਚਾਂ ਦੇ ਬਾਅਦ ਹੁਣ ਉਸਦੇ ਹੱਥ ਵਿਚ ਕੁਝ ਆਲੂ ਬੁਖਾਰੇ ਦੇ ਦਾਣੇ ਹਨ । ਸਸਤੇ, ਗਲੇ ਸੜੇ । ਵਾਰਡ ਵਿਚ ਆਈ—'ਠੰਡੇ' ਫ਼ਰਸ਼ 'ਤੇ ਪਿਆ ਪਤੀ ਬੜੀ ਦੂਰ ਜਾ ਚੁੱਕਾ ਸੀ ।

ਉਹ ਹੱਥੀਂ ਫੜੇ ਆਲੂ ਬੁਖ਼ਾਰੇ ਪੀਚ ਦੇਂਦੀ ਹੈ ।

—0—

ਰੇਲਿੰਗ ਦੇ ਸਹਾਰੇ ਉਹ ਬੈਠਾ ਹੈ । ਇਥੇ ਹੀ ਉਹ ਹਰ ਰੋਜ਼ ਬੈਠਦਾ ਹੈ ।

**SHAKTI GIFT**

**6576 MAIN STREET, VANCOUVER, B.C.**

•

•

**Where you can get all types of Real and Artificial Jewellery and all types of oriental designs can be made!**

•

**SALE AND REPAIRS OF WATCHES**

321-6214

ਸਬਜ਼ੀ ਮੰਡੀ ਦਾ ਰੌਲਾ ਅਸਮਾਨ ਨੂੰ ਉਡ ਰਿਹਾ ਹੈ। ਉਸਦੀ ਮੰਡੀ ਵੜਦੇ ਰਾਹ 'ਤੇ ਨਜ਼ਰ ਹੈ। ਗੰਦੇ ਪਾਣੀ ਦੇ ਟੋਏ ਵਿਚ ਤਰੱਕੇ ਵਤਾਊਂ—ਗਲੇ ਸੜੇ ਟੀਂਡੇ ਤੇ ਕੱਦੂ ਤਰ ਰਹੇ ਹਨ। ਬਾਕੀ ਰਾਹ ਨੂੰ ਗੰਢਿਆਂ ਦੇ ਛਿਲਕਿਆਂ ਢਕਿਆ ਹੋਇਆ ਹੈ।

ਨੰਗੇ ਪੈਰੀਂ ਦੋ ਬੱਚੇ ਪੋਲੇ ਪੋਲੇ ਤੁਰ ਰਹੇ ਹਨ।

ਸਾਹਮਣੇ ਗੰਦੀ ਜਿਹੀ ਬੋਰੀ ਹੈ—ਬੋਰੀ 'ਤੇ ਉਹੋ ਜਿਹਾ ਹੀ ਬੰਦਾ ਬੈਠਿਆ ਹੈ। ਜਿਸਦੇ ਇਕ ਹੱਥ ਕਰਦ ਹੈ ਤੇ ਸਾਹਮਣੇ ਗਲੇ ਸੜੇ ਫਲਾਂ ਦਾ ਨਿੱਕਾ ਜਿਹਾ ਢੇਰ।

ਉਸਦੀਆਂ ਬੀਮਾਰ ਜਿਹੀਆਂ ਅੱਖਾਂ ਦੀ ਰੋਸ਼ਨੀ ਬੜੇ ਧਿਆਨ ਨਾਲ ਫਲ ਫੜਦੀ ਹੈ—ਕਰਦ ਗਲੇ ਸੜੇ ਵਿਚੋਂ ਖਾਣ ਵਾਲੇ ਅੱਡ ਕਰੀ ਜਾ ਰਹੀ ਹੈ ਤੇ ਕੁਝ ਸੁਟਣ ਵਾਲੇ ਸੁੱਟ ਰਹੀ ਹੈ।

ਬੱਚੇ ਕੋਲ ਆ ਗਏ—ਧਿਆਨ ਖਾਣ ਵਾਲਿਆਂ ਤੇ ਸੁਟਣ ਵਾਲਿਆਂ ਵੱਲ ਹੈ।

ਅਗਲੇ ਪਲ ਦੋਹਾਂ ਦੀਆਂ ਮੁੱਠਾਂ ਵਿਚ ਸੁੱਟੇ ਜਾਣ ਵਾਲੇ ਫਲ ਸਨ।

ਰੇਲਿੰਗ ਦੇ ਸਹਾਰੇ ਉਹ ਅਜੇ ਵੀ ਬੈਠਾ ਹੈ

ਬੁੱਢੀਆਂ ਅੱਖਾਂ, ਬੀਮਾਰ ਚਿਹਰਾ ਤੇ ਸਰੀਰ ਨੂੰ ਚੰਬੜੇ ਚੀਥੜੇ ਤੱਕ ਰਹੇ ਹਨ।

ਮੁੱਠਾਂ ਮੀਚੀ ਬੱਚੇ ਕੋਲੋਂ ਦੀ ਲੰਘ ਕੇ ਸ਼ਾਇਦ ਦੂਰ—ਆਪਣੇ ਨਿੱਕੇ ਭੈਣ ਭਰਾਵਾਂ ਨੂੰ ਫਲਾਂ ਵਿਚੋਂ ਕਦੋਂ ਦੇ ਹਿੱਸਾ ਦੇ ਚੁੱਕੇ ਹੋਣਗੇ।

—0—

ਨਸ਼ੇ 'ਚ ਭਟਕਦਾ ਹਰਸੀਰਤ "ਹੈਪੀ" ਹੋਇਆ—ਅੱਧੀ ਕੁ ਰਾਤੀਂ ਸ਼ਹਿਰ ਦੇ ਖੂਬਸੂਰਤ ਬਾਗ ਵਿਚ ਦੀ ਗੁਜ਼ਰ ਰਿਹਾ ਹੈ। ਹਵਾ ਵਿਚ ਲਟਕਦਾ ਆਪਣੇ ਆਪ ਨੂੰ ਮਹਿਸੂਸ ਕਰ ਰਿਹਾ ਹੈ। ਸਭ ਰੰਗੀਨ...ਅੱਜ ਉਸ ਦੀ ਦੋਸਤ ਕੁੜੀ ਨੂੰ ਕੋਈ ਖੁਸ਼ੀ ਮਿਲੀ। ਉਹਨੇ ਇਥੋਂ ਸੈਂਕੜੇ ਮੀਲ ਦੂਰ ਦੋਸਤਾਂ ਨਾਲ ਉਹਦੀ ਖੁਸ਼ੀ ਸੈਲੀਬਰੇਟ ਕੀਤੀ ਹੈ। ਉਦਾਸ ਇਕੱਲੇ ਸਫੈਦੇ ਵੱਲ ਤਕਦੇ ਨੇ ਗੰਭੀਰ ਪੋਜ਼ ਬਣਾਇਆ ਹੈ। ਉਦਾਸ ਲਗਣ ਦਾ ਵਿਸ਼ੇਸ਼ ਉਪਰਾਲਾ ਕੀਤਾ ਹੈ। ਜਿਵੇਂ ਮਹਿਫਲ 'ਚ ਖੁਸ਼ ਦਿਸਣ ਦਾ ਖਾਸ ਅੰਦਾਜ਼ ਉਸਦਾ ਹੈ ਹੀ...ਕਿਵੇਂ ਉਸਨੇ ਅੱਜ ਚੌਕ 'ਚ ਖੜੇ ਸਿਪਾਹੀ ਦੀ ਬਾਂਹ ਹੇਠਾਂ ਕਰ ਦਿਤੀ ਸੀ ਤੇ ਸਿਪਾਹੀ ਨੂੰ ਕਿਹਾ ਸੀ "ਦੋਸਤ ! ਅੱਜ ਮੇਰੀ ਖੁਸ਼ੀ ਲਈ ਇਕ ਵਾਰ ਭੀੜ ਨੂੰ ਕਾਹਲੀ ਕਰ ਲੈਣ ਦੇ.. " ਤੇ ਸਿਪਾਹੀ ਹੱਸ ਪਿਆ ਸੀ ਤੇ ਦੋਹਾਂ ਪਾਸਿਓਂ ਭੀੜ ਲੰਘ ਗਈ ਬਿਨਾਂ ਕਿਸੇ ਅ-ਸੁਖਾਵੀਂ ਘਟਨਾ ਵਾਪਰਨ ਦੇ...।

ਤੇ ਫੇਰ ਭੇਜੀ ਟੈਲੀਗਰਾਮ—ਤਿੰਨ ਸ਼ਬਦਾਂ ਵਾਲਾ ਪਤਾ ਤੇ ਤਿੰਨ ਹੀ...।

ਉਸਦੇ ਅੰਦਰ ਸਹਿਮਿਆ ਪਸਰਿਆ ਮਾਰੂਥਲ ਨਦੀ ਕੰਢੇ ਬੈਠ ਲਹਿਰਾਂ ਫੜਨ ਦਾ ਅਸਫਲ ਯਤਨ ਕਰਨ ਲਗ ਪਿਆ।
ਬਾਜ਼ੀ ਤਾਂ ਕਦੋਂ ਦੀ ਹਾਰੀ ਜਾ ਚੁੱਕੀ ਸੀ।

ਉਸ ਨੂੰ ਸਾਹਮਣੇ ਨਸ਼ੇ ਵਿਚ ਧੁੱਤ ਇਕ ਲੜਖੜਾਉਂਦਾ ਅਕਾਰ ਦਿਸਿਆ। ਜੋ ਕੋਲ ਹੋਰ ਕੋਲ ਆ ਰਿਹਾ ਸੀ।

"ਸਾਲਾ ! ਅਬਸਰਡ ਹੋਇਆ ਫਿਰਦਾ...।" ਹਰਸੀਰਤ ਜ਼ੋਰ ਦੀ ਹੱਸਿਆ।

ਮੁੜ੍ਹਕੇ ਤੇ ਕਾਲਖ ਨਾਲ ਪੋਤਿਆ ਚਿਹਰਾ—ਟਾਕੀਆਂ ਲੱਗੀ ਘਸਮੈਲੀ ਪੈਂਟ—ਥੱਕਿਆ ਟੁੱਟੀਆਂ ਚੱਪਲਾਂ ਧੂਹੀ ਆ ਰਿਹਾ ਮਜ਼ਦੂਰ ਉਹਦੇ ਸਾਹਮਣੇ ਸੀ।

ਹਰਸੀਰਤ ਦੇ ਮੂੰਹ 'ਤੇ ਇਕ ਥੱਪੜ ਵੱਜਾ। ਜਿਸ ਦੀ ਸਾਂਅ ..ਸਾਂਅ ਉਹਦੇ ਕੰਨੀਂ ਟਕਰਾ ਰਹੀ ਸੀ। ਸਭ ਕੁਝ ਵੇਚ ਵੱਟ ਮਾਪਿਆਂ ਬੀ. ਏ. ਕਰਵਾਈ। ਰਿਸ਼ਵਤ ਤੇ ਸਿਫਾਰਸ਼ ਉਸ ਕੋਲ ਨਹੀਂ ਸਨ। ਸਮਾਜਕ ਢਾਂਚੇ ਹੱਥੋਂ ਪੀੜਿਆ—ਸਵੇਰ ਦਾ ਗਿਆ 16 ਘੰਟੇ ਲਹੂ ਸਾੜ ਕੇ ਆਇਆ ਹਾਂ। ਮਿਲੇ ਸਿਰਫ ਤਿੰਨ ਰੁਪਏ ਤੇ ਤੂੰ "ਅਬਸਰਡ" ਦੱਸਦਾ ਏਂ ?
ਹਰਸੀਰਤ ਪੱਥਰ ਹੋ ਗਿਆ।
ਉਹ ਗੋਡਿਆਂ 'ਚ ਸਿਰ ਦੇ ਉਥੇ ਹੀ ਬੈਠ ਗਿਆ।

"ਮਾਫ ਕਰੀਂ ਦੋਸਤਾ ! ਜ਼ਿੰਦਗੀ 'ਚ ਬਹੁਤਾ ਕੁਝ ਠੀਕ ਨਹੀ —ਪੈਂਚ ਪੈਰ ਤੇ ਗਲਤ ਕਦਰਾਂ ਕੀਮਤਾਂ ਤੇ ਬੇ-ਇਨਸਾਫੀਆਂ ਦਾ ਫਨੀਅਰ ਫਣ ਖਿਲਾਰੀ ਟੱਪ ਰਿਹਾ ਹੈ—ਮੇਰਾ ਮੁੜ੍ਹਕਾ ਇਹਨਾਂ ਵਿਰੁਧ ਲੜ ਰਿਹਾ ਹੈ ਤਾਂ ਕਿ ਬੁਢੇ ਬਾਪ ਲਈ ਦੁਆਈ—ਮਾਂ ਲਈ



ਸੋਨੇ ਦੇ ਲੇਟੈਸਟ ਡੀਜ਼ਾਈਨਾਂ ਵਿੱਚ
ਗਹਿਣੇ ਖਰੀਦਣ ਲਈ

ਸੋਨੀ ਐਂਡ ਸਨਜ਼
SONI & SONS
JEWELLERS
Specialist in East Indian Jewelery

6524 MAIN ST.
(AT 49th. Ave.)
VANCOUVER, B.C.

PHONE 324-1012
RES. 327-0783

**SIDHU'S OFFER:**

—Discount prices
—Guaranteed service
—Complete floor covering service
—Free in-home estimates
—Builder prices

—Remnants
—Roll ends
—25% - 50% OFF
•
Guaranteed installation
Carpets, Lino, Tiles

*MONTHLY SPECIAL*

GAF — PRIME (LINOLEUM)
Reg. $5.99 sq. yd. — Now $2.99 sq. yd.

**SIDHU'S HOUSE OF CARPETS LTD.**

4441 Boundary Road, Vancouver, B.C. V5R 2N3 A. Sidhu — 434-3939

FOR ALL YOUR GROCERY REQUIREMENTS
EAST INDIAN AND CANADIAN
VISIT

**J. B. FOODS**

6607 Main Street (Corner of 50th and Main), Vancouver
PHONE: 321-0224

*We also carry Fresh Fruits and Vegetables*
*Fresh Vegetables from Fiji arrive every Tuesday!*







AVAILABLE AT

**BHARTI ART JEWELLERS**

*Specialist in East Indian Jewelry Craftware*

865 KINGSWAY (near Fraser) VANCOUVER, B.C., CANADA

CONTACT:

RASIK PAREKH — BUS: 874-9448 — 879-5610





# ਹਲਕਿਆ ਕੁੱਤਾ

ਅਮਰ ਗਿਰੀ

ਹਲਕਿਆ ਹੋਇਆ, ਡੱਬ ਖੜੱਬਾ ਕੁੱਤਾ, ਜੀਭ ਲਮਕਾਈ ਛੱਪੜ ਵਾਲੇ ਪਾਸੇ ਘੁੰਮ ਰਿਹਾ ਸੀ। ਉਂਜ ਤਾਂ ਪਿੰਡ ਵਿਚ ਦੋ ਛੱਪੜ ਹਨ। ਇਕ ਲਹਿੰਦੇ ਵਾਲੇ ਪਾਸੇ ਤੇ ਦੂਜਾ ਚੜ੍ਹਦੇ ਵੰਨੀਂ———! ਪਰ ਇਹ ਸਭ ਕੁਝ ਲਹਿੰਦੇ ਵਾਲੇ ਪਾਸੇ ਵਾਪਰ ਰਿਹਾ ਸੀ। ਅਵਾਰਾ ਕੁੱਤਾ, ਮਸਤ ਹੋਇਆ! ਆਪਣੀ ਧੁੰਨ ਵਿਚ ਹੀ ਤੁਰਿਆ ਜਾ ਰਿਹਾ ਸੀ। ਮਜ਼੍ਹਬੀਆਂ ਦੇ ਜਵਾਕ ਨੇ ਵੇਖ ਲਿਆ ਸੀ ਤੇ ਉਸ ਨੇ ਅਗਾਂਹ ਕਈਆਂ ਹੋਰਾਂ ਨੂੰ ਦੱਸ ਦਿੱਤਾ ਸੀ। ਕੋਲ ਖੜ੍ਹਾ ਚਮਿਆਰਾਂ ਦਾ ਪੂਰਨ ਥੁੱਕ-ਮੁਠੀਆਂ ਘਰ ਨੂੰ ਦੌੜ ਪਿਆ ਸੀ ਤੇ ਮਜ਼੍ਹਬੀਆਂ ਦਾ ਬਿੰਦਾ ਕੁਝ ਦੇਰ ਭੌਰ-ਭੌਰ ਹੋਇਆ ਤੁਰੇ ਜਾਂਦੇ ਕੁੱਤੇ ਨੂੰ ਤੱਕਦਾ ਰਿਹਾ ਸੀ ਤੇ ਫਿਰ—ਕਈਆਂ ਹੋਰਾਂ ਨੂੰ ਸੁਣਾਉਣ ਵੱਡੇ ਸਾਰੇ 500 ਘਰਾਂ ਦੀ ਬਸਤੀ ਵਾਲੇ ਪਿੰਡ ਵਿਚ ਸਮਾਅ ਗਿਆ ਸੀ। ਪਿੰਡ ਦੀਆਂ ਟੁਟੀਆਂ ਭੱਜੀਆਂ ਗਲੀਆਂ, ਕੱਚਿਆਂ ਕੋਠਿਆਂ ਵਿਚ ਦੀ ਤੁਰਦੀ ਗੱਲ ਹਰ ਸ਼ਖਸ ਦੇ ਬੁੱਲ੍ਹਾਂ ਤੇ ਫਿਰ ਗਈ ਸੀ। ਹਰ ਇਕ ਜਾਣ ਗਿਆ ਸੀ ਕਿ, 'ਨਾਈਆਂ ਕੇ ਸ਼ੀਰੇ ਦੇ ਕੁੱਤੇ ਨੇਂ ਮਰਿਆ ਸੱਪ ਖਾ ਲਿਆ ਹੈ ਤੇ ਹਲਕਿਆ ਕੁੱਤਾ ਪਿੰਡ ਦੇ ਚੌਹੀਂ ਪਾਸੀਂ, ਜਿਧਰ ਜੀ ਕਰਦਾ ਹੈ, ਮੂੰਹ ਚੁੱਕੀ ਘੁੰਮ ਰਿਹਾ ਹੈ।'

ਸਿਆਣੀਆਂ ਤੀਵੀਆਂ ਬਾਹਰ ਖੇਡਦੇ ਬੱਚਿਆਂ ਨੂੰ ਸੱਦਣ ਤੁਰ ਪਈਆਂ—ਚਿੱਟੀਆਂ ਦਾੜ੍ਹੀਆਂ ਵਾਲੇ ਬਜ਼ੁਰਗ ਨਿਆਣਿਆਂ ਨੂੰ ਡਰਾਉਣ ਲੱਗ ਪਏ ਸਨ।

—ਜਾਏ ਵੱਡਿਆਂ ਦਾ ਘਰੇ ਟਿਕ ਕੇ ਵੀ ਨਹੀਂ ਬਹਿੰਦਾ। ਟੂਟੀ ਤੇ ਪਾਣੀ ਭਰਦੀ ਔਰਤ, ਆਪਣੇ ਆਪ ਵਿਚ ਹੀ ਬੁੜ-ਬੁੜਾਉਂਦੀ, ਘੜਾ ਲੱਗਿਆ ਛੱਡ ਕੇ ਘਰ ਵੱਲ ਛੋਟੇ ਜਵਾਕ ਨੂੰ ਵੇਖਣ ਤੁਰ ਪਈ। ਗੱਲ ਕੀ ਪਿੰਡ ਵਿਚ ਕੁੱਤੇ ਦਾ ਭੈਅ ਹਰ ਇਕ ਦੀਆਂ ਅੱਖਾਂ 'ਚ ਮੱਲੋਮੱਲੀ ਵੜ ਗਿਆ ਸੀ।

—ਜੇ ਭਾਈ ਕਿਸੇ ਨੂੰ ਚੱਕ ਵੱਢ ਗਿਆ———ਮੁਸ਼ਕਲ ਹੋ ਜੂ। ਬੰਦਿਆਂ 'ਚ ਖੜੇ ਬਜ਼ੁਰਗ ਨੇ ਫਿਲਾਸਫੀ ਭਰੀ ਗੱਲ ਤੋਰੀ।

ਕੁੱਤਿਆਂ ਦੇ ਵੱਢੇ ਰਾਸ ਨਹੀਂ ਔਂਦੇ—ਤੇ ਇਥੇ ਤਾਂ ਡਾਕਟਰ ਵੀ ਹੈ ਨੀਂ—ਹਰਨੇਕ ਤਾਂ ਨਾਨਕੀ ਗਿਆ ਹੋਇਆ—। ਇਕ ਹੋਰ ਨੇ ਗੱਲ ਨੂੰ ਆਪਣੇ ਅੰਦਾਜ਼ ਵਿੱਚ ਬਾਹਰ ਕੱਢ ਸੁਟਿਆ। ਕੋਲ ਖੜ੍ਹੇ ਹੋਰ ਮਰਦ ਸੁਣਦੇ ਰਹੇ।

ਡਾਕਟਰਾਂ ਦੀ ਵੀ ਤੰਗੀ ਐ— ਸ਼ਹਿਰ 'ਚ ਸੌਹਰੇ ਮੋੜ-ਮੋੜ ਤੇ ਦੁਕਾਨਾਂ ਖੋਹਲੀ ਬੈਠੇ ਐ—ਤੇ ਜਿਹਨੂੰ ਟੀਕਾ ਨੀਂ ਚੱਜ ਨਾਲ ਲੌਣਾ ਆਉਂਦਾ ਉਹ ਪਿੰਡ ਨੂੰ ਤੁਰ ਪੈਂਦੇ—। ਧੱਤੂ ਬਾਗੜੀਆਂ ਦੇ ਮੁੰਡੇ ਦੇ ਟੀਕਾ ਚੱਲ ਗਿਆ- ਮੂੰਹ ਸੁੱਕ ਗਿਆ ਉਸ ਜਵਾਕੜੇ ਜੇ ਡਾਕਟਰ ਦਾ—ਲੇਲੜੀਆਂ ਕਰਨ ਲੱਗ ਪਿਆ—। ਜਗੀਰੂ ਮਜ਼੍ਹਬੀ ਨੇ ਗੱਲਾਂ-ਗੱਲਾਂ ਵਿਚ ਹੀ ਕਿੰਨਾਂ ਕੁਝ ਹੀ ਕਹਿ ਦਿੱਤਾ।

ਭਾਈਂ ਜਵਾਕਾਂ ਨੂੰ ਸਾਂਭ ਕੇ ਰੱਖਿਓ—ਕੁੱਤਾ ਹਲਕਿਆ ਫਿਰਦੈ! ਸੱਥ ਵਿਚ ਬੈਠੇ ਕਰੜੀ-ਬਰੜੀ ਦਾੜ੍ਹੀ ਵਾਲੇ ਬਜ਼ੁਰਗ ਨੇ ਲੰਘਦੀ ਇਕ ਜਨਾਨੀ ਨੂੰ ਸੁਣਾਉਂਦਿਆਂ ਕਿਹਾ। ਸ਼ਾਇਦ ਇਹ ਉਸਦੀ ਨੋਂਹ ਸੀ। ਔਰਤ ਦੀ ਚਾਲ ਵਿਚ ਤੇਜ਼ੀ ਆ ਗਈ ਜਿਵੇਂ ਦੋ ਪਲਾਂ ਦੀ ਗੱਲ ਵਿਚ ਪੂਰੇ ਸਮੇਂ ਦਾ ਇਤਿਹਾਸ ਦੁਹਰਾਇਆ ਜਾ ਚੁੱਕਾ ਹੋਵੇ। ਤਾਸ਼ ਖੇਡਦੇ ਵਿਹਲੜਾਂ ਇਕ ਕੰਨ ਵਿਚੋਂ ਸੁਣਕੇ ਦੂਜੇ ਵਿਚੋਂ ਬਾਹਰ ਕਢ ਦਿੱਤੀ। ਖੇਤੋਂ ਤੁਰੇ ਆਉਂਦੇ ਗੱਭਰੂ ਨੇ ਬਾਬੇ ਦੀ ਗੱਲ ਸੁਣੀ। ਮੋਢੇ ਧਰੀ ਕਹੀ ਤੇ ਜਕੜ ਹੋਰ ਤੇਜ਼ ਹੋ ਗਈ।

ਬਾਬਾ! ਕੁੱਤਾ ਹਲਕਿਆ ਫਿਰਦੈ?

ਹਾਂ ਭਾਈ! ਸ਼ੀਰੇ ਨਾਈ ਕੇ ਕੁੱਤੇ ਨੇ ਜ਼ਹਿਰ ਖਾ ਲਿਆ।

ਕਿਥੇ ਫਿਰਦੈ?

ਛੱਪੜੀ ਕੋਲੇ ਸੁਣਿਆਂ!

ਨੌਜਵਾਨ ਛੱਪੜੀ ਵੱਲ ਨੂੰ ਤੁਰ ਪਿਆ। ਰਾਹ ਵਿਚ ਖੜੇ ਕੁਝ ਆਦਮੀਂ ਆਪਣੇ ਆਪ ਵਿਚ ਹੀ ਗੱਲਾਂ ਕਰ ਰਹੇ ਸਨ।

ਸਰਦਾਰਾਂ ਦਿਓਂ ਬੰਦੂਕ ਮੰਗਾਲੋ। ਸਰਦਾਰ ਦਾ ਛੋਟਾ ਮੁੰਡਾ ਮਾਰ ਦੂ।

ਨਿਸ਼ਾਨਾਂ ਤਾਂ ਬੜਾ ਪੱਕਾ ਹੈ ਉਹਦਾ। ਇਕ ਹੋਰ ਬੋਲਿਆ।

ਆਖੇ ਵੀ ਲੱਗ ਜੂ—ਕਿ ਐਂਵੇਂ ਗੱਲਾਂ ਕਰੀਂ ਜਾਨੇ ਔਂ ! ਇਕ ਹੋਰ, ਅਨਦਾੜੀਆ ਜਿਹਾ ਮੁੰਡਾ, ਆਪਣੀ ਗੱਲ ਵੀ ਸੁਣਾ ਗਿਆ।

ਪੁੱਛ ਕੇ ਵੇਖ ਲੌ—ਮੇਰਾ ਤਾਂ ਖਿਆਲ ਹੈ—ਮੰਨ ਹੀ ਜੂ। ਬਖ਼ਸ਼ੀਸ਼ਾ ਵੈਲੀ ਬੋਲਿਆ।

ਚਲੋ ਪੁੱਛ ਲੀਏ—। ਤੇ ਕੁਝ ਤੁਰ ਪਏ, ਸਰਦਾਰ ਦੇ ਪੱਕੇ ਚੁਬਾਰੇ ਵੱਲ। ਉਸ ਨੌਜਵਾਨ ਨੇ ਕੋਈ ਗੌਰ ਨਾ ਕੀਤੀ। ਕਹੀ ਲੈ ਕੇ ਉਹ ਛੱਪੜੀ ਵੱਲ ਹੀ ਤੁਰਦਾ ਰਿਹਾ। 'ਕਿਹਨੇ ਦੇਖੀਆਂ ਪੱਕੀਆਂ ਬੰਦੂਕਾਂ—। ਹੱਥਾਂ ਦੀ ਤਾਕਤ ਤੋਂ ਉੱਤੇ ਕਿਹੜੀ ਬੰਦੂਕ ਐ—।' ਡੌਲਿਆਂ ਵੱਲ ਤੱਕਦੇ ਦਾ ਸਿਰ ਗਰਵ ਨਾਲ ਤਣ ਗਿਆ। ਹਿਲਦਾ ਹੋਇਆ ਚਾਦਰਾ, ਧਰਤੀ ਸੰਤਰਦਾ ਜਾ ਰਿਹਾ ਸੀ।

ਛੱਪੜੀ ਕੋਲ ਜਾ ਕੇ ਵੇਖਿਆ। ਕੁਝ ਵੀ ਨਹੀਂ ਸੀ। ਉਸ ਨੇ ਨਜ਼ਰ ਘੁਮਾਈ। ਤੱਤੇ ਕੀ ਨਿਆਈਂ ਵੱਲੋਂ ਕੁੱਤੇ ਮਗਰ ਤੁਰਦੇ, ਭੱਜਦੇ, ਕੁਝ ਗੱਭਰੂ ਦਿਖਾਈ ਪੈ ਗਏ। ਉਹ ਵੀ ਭੱਜ ਕੇ ਉਹਨਾਂ ਨਾਲ ਰਲ ਗਿਆ। ਘੇਰਕਾ-ਘੇਰਕਾ ਕੇ ਕੁੱਤੇ ਨੂੰ ਉਨ੍ਹਾਂ ਸੁੱਟ ਲਿਆ। ਕੁਝ ਮਾਰਾਂ ਵਿਚ ਹੀ ਉਹ ਠੰਡਾ ਪੈ ਗਿਆ।

ਪਲਾਂ ਵਿਚ ਹੀ ਲੋਕ ਕੱਠੇ ਹੋ ਗਏ। ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਤੁਰ ਪਈਆਂ। ਕੋਈ ਕਹਿੰਦਾ—ਬਾਣੀਆਂ ਦਾ ਹੰਸਾ ਬਚ ਗਿਆ, ਕਿਸਮਤ ਚੰਗੀ ਸੀ। ਤੇ ਕੋਈ ਕਹਿੰਦਾ—ਚੰਗਾ ਹੋਇਆ ਮਰ ਗਿਆ—ਹਲਕਿਆਂ ਕੁੱਤਿਆਂ ਦਾ ਕੀ ਵਿਸਾਹ ਹੁੰਦੈ !

ਸਰਦਾਰਾਂ ਦਾ ਮੁੰਡਾ ਤਾਂ ਪੈਰ ਨਹੀਂ ਮੰਨਿਆ—ਫਿਰ ਵੀ ਮਾਰ ਹੀ ਦਿੱਤਾ। ਬਖ਼ਸ਼ੀਸ਼ਾ ਵੈਲੀ ਬੋਲਿਆ।

ਬਖ਼ਸ਼ੀਸ਼ਿਆ, ਬੰਦੂਕਾਂ ਵਾਲਿਆਂ ਹਲਕੇ ਕੁੱਤੇ ਕੀ ਮਾਰਨੇ ਐਂ। ਉਹ ਤਾਂ ਆਪ ਹਲਕਿਆਂ ਕੁੱਤਿਆਂ ਵਰਗੇ ਐ—ਮਰਦਾਂ ਨਾਲ ਲੰਡਾ ਦੇ ਦੱਕ ਵੱਢਣ ਵਾਲੇ—। ਹਲਕ ਕੁੱਤੇ ਤਾਂ ਆਪਾਂ ਮਾਰਨੇ ਐ—ਵੇਖਿਆ ਸਿਆਂ ਕਿ ਨਹੀਂ ਦਿੱਤਾ—।

---

ਨੋਟ: ਰੇਡੀਓ ਕਲਾਕਾਰ ਮਨਜੀਤ ਵਿਰਦੀ ਮਈ 77 ਤੋਂ A.M. ਤੇ ਆਪਣਾ ਪ੍ਰੋਗਰਾਮ ਪ੍ਰੋਡਿਊਸ ਕਰਨਗੇ। ਵਧੇਰੇ ਜਾਣਕਾਰੀ ਲਈ ਉਨ੍ਹਾਂ ਨਾਲ ਇਸ ਪਤੇ ਤੇ ਸੰਪਰਕ ਸਥਾਪਤ ਕੀਤਾ ਜਾ ਸਕਦਾ ਹੈ:

P.O. Box 4263
STATION 'D', VANCOUVER-9, V6J 4M1

---

Autoplan

KINGSGATE INSURANCE AGENCIES

104 KINGSGATE MALL
370 EAST BROADWAY VANCOUVER, B.C. V5T 4G5


RIASAT ALI KHAN

- ★ Auto Insurance & License
- ★ Fire, Theft & Liability
- ★ Life, Accident & Sickness
- ★ Annuities & Pension Plans
- ★ Registered Retirement Savings Plans


SARAJ KHAN

FOR ALL YOUR INSURANCE NEEDS — KINGSGATE INSURANCE AGENCIES

Bus. Tel. 872-7827 or 874-2125

OFFICE HOURS: Monday to Wednesday and Saturday 9 a.m. - 6 p.m.
Thursday - Friday 9 a.m. - 9 p.m.

for DOMINION AUTOMOBILE ASSOCIATION DAA

MEMBERSHIP

CONTACT

PHONE
Off: 872-7827
Res.: 324-2493


DALJIT SIDHU

ਇਨਸ਼ੋਰੈਂਸ ਕਰਾਉਣ ਲਈ ਤੁਹਾਡੇ ਸਹਾਇਕ:

ਰਿਆਸਤ ਅਲੀ ਖ਼ਾਨ
ਸਰਾਜ ਖ਼ਾਨ
ਦਲਜੀਤ ਸਿੱਧੂ

# ਪ੍ਰਭਾਵ, ਤਨਾਉ, ਭੂਮਿਕਾਵਾਂ ਤੇ... ...

( ਇਸ ਵਾਰਤਾਲਾਪ ਵਿੱਚ ਪੰਜਾਬੀ ਦੇ ਵਿਦਵਾਨ ਕਵੀ ਤੇ ਆਲੋਚਕ ਡਾ: ਹਰਿਭਜਨ ਸਿੰਘ, 'ਇਕੱਤੀ ਫਰਵਰੀ' ਦੇ ਸੰਪਾਦਕ ਸੁਰਿੰਦਰ ਸਿੰਘ ਨੂਰ ਅਤੇ ਕਵੀ ਹਰਨਾਮ ਤੋਂ ਬਿਨਾਂ, 1976 ਦੇ ਅੰਤ ਵਿੱਚ ਆਪਣੀ ਭਾਰਤ ਫੇਰੀ ਸਮੇਂ ਕੈਨੇਡਾ ਦੇ ਕਵੀ ਡਾ: ਗੁਰਮੇਲ ਨੇ ਵੀ ਭਾਗ ਲਿਆ ਹੈ।

ਸਮੁੱਚੇ ਵਾਰਤਾਲਾਪ ਵਿੱਚ ਦੇਸ ਪ੍ਰਦੇਸ ਦੇ ਪ੍ਰਸਿੱਧ ਸਾਹਿਤਕਾਰਾਂ ਬਾਰੇ ਚਾਕਰੀ ਤੋਂ ਬਿਨਾਂ; ਡਾ: ਗੁਰਮੇਲ ਦੇ 'ਕਾਵਿ-ਮਰਨ', 'ਫ਼ਿਕਸ਼ਨ', 'ਸਾਹਿਤ-ਪ੍ਰਦੇਸ਼' ਅਤੇ 'ਸੁਹਿਰਦਤਾ' ਬਾਰੇ ਸ੍ਵੈ-ਕਥਨ ਅਤੇ ਕੈਨੇਡਾ ਦੇ ਕੁਝ ਕਵੀਆਂ ਬਾਰੇ ਵਿਚਾਰ, ਅੱਜ ਦੇ ਪੰਜਾਬੀ ਲੇਖਕਾਂ ਦੀਆਂ 'ਮਾਨਸਿਕ ਪ੍ਰਵਿਰਤੀਆਂ' ਨਾਲ ਪਰੀਚੈ ਕਰਾਉਂਦੇ ਹਨ। ਕੈਨੇਡਾ ਦੇ ਸਾਹਿਤਕ ਹਲਕਿਆਂ ਦੀ ਦਿਲਚਸਪੀ ਲਈ ਏਹ ਵਾਰਤਾਲਾਪ 'ਇਕੱਤੀ ਫਰਵਰੀ' ਦਸੰਬਰ 76 ਵਿੱਚੋਂ ਧੰਨਵਾਦ ਸਹਿਤ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ— ਸੰਪਾਦਕ)

ਹਰਨਾਮ—ਗੁਰਮੇਲ ਤੇਰੀਆਂ ਕਵਿਤਾਵਾਂ ਵਿਚ ਡਾਕਟਰ ਦਾ ਲਹਿਜਾ ਨਜ਼ਰ ਆਉਂਦੈ—

ਗੁਰਮੇਲ— ਮੇਰੀ ਫ਼ਿਕਸ਼ਨ 'ਚ ਡਾਕਟਰ ਹਰਿਭਜਨ ਸਿੰਘ ਦੀ ਫ਼ਿਕਸ਼ਨ ਵਰਗਾ ਸੁਆਦ ਏ। ਮੈਨੂੰ ਤੇ ਡਾਕਟਰ ਨੂੰ ਸ਼ਬਦਾਂ ਨਾਲ ਇਸ਼ਕ ਏ। ਡਾਕਟਰ ਨੇ ਫਿਫਟੀ 'ਚ ਛਪਣਾ ਸ਼ੁਰੂ ਕੀਤਾ, ਮੈਂ ਉਦੋਂ ਹੀ ਲਿਖਣਾ ਸ਼ੁਰੂ ਕੀਤਾ। ਡਾਕਟਰ ਲਗਾਤਾਰ ਲਿਖਦਾ ਰਿਹਾ। ਮੇਰਾ ਫੀਲਡ ਵਿਗਿਆਨ ਬਣ ਗਿਆ। ਮੈਂ ਦੂਰ ਹੁੰਦਾ ਗਿਆ। ਪਰ ਮੈਂ ਡਾਕਟਰ ਸਾਹਿਬ ਦੇ ਕੰਮ ਨੂੰ ਵਾਚ ਕੀਤਾ।

ਹਰਨਾਮ—ਮੇਰਾ ਭਾਵ ਤੇਰੀ ਉਸ ਕਵਿਤਾ ਤੋਂ ਹੈ ਜੋ ਡਾਕਟਰ ਦੀ ਕਵਿਤਾ 'ਤੇਰੇ ਹਜ਼ੂਰ ਮੇਰੀ ਹਾਜ਼ਰੀ ਦੀ ਦਾਸਤਾਨ' ਵਰਗੀ ਹੈ।

ਗੁਰਮੇਲ— ਇਹ ਕਵਿਤਾ ਮੈਂ ਡਾਕਟਰ ਦੀ ਕਵਿਤਾ ਤੋਂ ਪਹਿਲਾਂ ਲਿਖੀ ਸੀ। ਮੈਂ ਵੈਨਕੂਵਰ 'ਚ ਇਸ ਵਾਰ ਇਹ ਉਨ੍ਹਾਂ ਦੀ ਨਜ਼ਮ ਤੋਂ ਬਾਦ ਸੁਣਾਈ ਸੀ—

ਹਰਨਾਮ—ਸ਼ਾਇਦ ਤੁਸੀਂ ਡਾਕਟਰ ਵਰਗੀਆਂ ਕਵਿਤਾਵਾਂ ਉਨ੍ਹਾਂ ਤੋਂ ਪਹਿਲਾਂ ਲਿਖੀਆਂ ਹੋਣ। ਤੁਸੀਂ ਗਾਇਬ ਰਹੇ, ਪਰ ਡਾਕਟਰ ਦੀਆਂ ਕਵਿਤਾਵਾਂ ਛਪਦੀਆਂ ਰਹੀਆਂ।

ਨੂਰ— ਹਰਨਾਮ ਕੀ ਇਹ ਸੁਆਲ ਖ਼ੁਦ ਅਪਣੇ ਆਪ ਤੇ ਤਾਂ ਨਹੀਂ ਕਰ ਰਿਹਾ ? ਡਾਕਟਰ ਦੀ 'ਅਧਰੈਣੀ' ਛਪਣ ਦੇ ਬਾਅਦ ਤੇਰੇ ਗੀਤ ਪ੍ਰਕਾਸ਼ਤ ਹੋਏ ਤੇ ਉਨ੍ਹਾਂ ਨੂੰ ਕਿਸੇ ਗੌਲਿਆ ਨਹੀਂ।

ਹਰਨਾਮ—ਹਾਂ ਇਹ ਸੁਆਲ ਮੇਰਾ ਅਪਣੇ ਆਪ ਤੇ ਹੈ। ਮੈਂ ਡਾਕਟਰ ਤੋਂ ਬਹੁਤ ਕੁਝ ਸਿਖਿਆ ਏ, ਪਰ ਮੈਂ ਉਨ੍ਹਾਂ ਪ੍ਰਭਾਵਾਂ ਨੂੰ ਤੋੜਿਆ ਏ। ਮੈਂ ਜਾਣਨਾ ਚਾਹੁਣਾ ਕਿ ਗੁਰਮੇਲ 'ਚ ਇਹ ਬਰੇਕ ਕਦੋਂ ਆਈ ? ਆਈ ਵੀ ਹੈ ਜਾਂ ਨਹੀਂ ?

ਹਰਿਭਜਨ—ਗੱਲ ਕਿਸੇ ਹੋਰ ਪਾਸੇ ਜਾ ਰਹੀ ਏ। ਮੇਰਾ ਮੰਨਣਾ ਮੁਸ਼ਕਲ ਏ ਕਿ ਮੇਰਾ ਹਰਨਾਮ ਦੀ ਕਵਿਤਾ ਤੇ ਕੋਈ ਪ੍ਰਭਾਵ ਏ। ਅਧਿਆਪਕ, ਸ਼ਾਇਰ, ਆਲੋਚਕ ਹੋਣ ਕਰਕੇ ਅਪਣੀ ਕਵਿਤਾ ਨੂੰ ਵੀ ਮੈਨੂੰ ਇਕ ਡਿਸਟੈਂਸ ਤੇ ਰੱਖ ਕੇ ਵੇਖਣ ਦੀ ਆਦਤ ਹੈ। ਗੁਰਮੇਲ ਤੇ ਵੀ ਮੇਰਾ ਕੋਈ ਪ੍ਰਭਾਵ ਨਹੀਂ। ਪ੍ਰਭਾਵ ਹੁੰਦਾ ਕੀ ਏ ?—ਹਰ ਬੰਦਾ ਚਾਰ ਲਫ਼ਜ਼ ਕਿਤੋਂ ਲੈਂਦਾ ਏ।

ਨੂਰ— ਜੇ ਭਾਸ਼ਕ-ਵਿਸ਼ਲੇਸ਼ਣ ਦੇ ਆਧਾਰ ਤੇ ਗੱਲ ਕੀਤੀ ਜਾਏ ਤਾਂ ਜਿਸ ਕਿਸਮ ਦੇ ਲਿਰੀਕਲ ਸ਼ਬਦਾਂ ਤੇ ਆਧੁਨਿਕ ਸ਼ਬਦਾਂ 'ਚ ਤਨਾਉ ਤੁਹਾਡੀ ਕਵਿਤਾ 'ਚ ਹੈ ਉਹ ਹਰਨਾਮ ਵਿਚ ਨਹੀਂ ਗੁਰਮੇਲ 'ਚ ਹੈ, ਕਈ ਹੋਰ ਕਵੀਆਂ 'ਚ ਹੈ।

ਹਰਿਭਜਨ— ਇਹ ਤਨਾਉ ਮੇਰੇ 'ਚ ਰਤਾ ਕੁ ਪਹਿਲਾਂ ਵਾਪਰਿਐ, ਹੋਰਾਂ 'ਚ ਬਾਅਦ ਵਿਚ। ਪਰ ਇਸ ਦਾ ਪ੍ਰਭਾਵ ਨਾਲ ਕੀ ਸਬੰਧ ?

ਨੂਰ— ਜਦੋਂ ਕੋਈ ਉਸੇ ਰੂਪ ਵਿਚ ਤਨਾਉ ਨੂੰ ਫੜ ਬਹੇ, ਇਹ ਵੀ ਪ੍ਰਭਾਵ ਈ ਏ।

ਹਰਿਭਜਨ—ਇਹ ਤਨਾਉ ਤਾਂ ਗੁਰੂ ਨਾਨਕ ਵਿਚ ਵੀ ਸੀ। 'ਮੁੰਦਾ ਸੰਤੋਖ ਸਰਮ ਪਤ ਝੋਲੀ'... ਲਫ਼ਜ਼ਾਂ ਨੂੰ ਇਸਤੇਮਾਲ ਕਰਨ ਦੇ ਤਰੀਕੇ ਗਿਣੇ ਮਿਥੇ ਨੇ। ਇਸ ਤੋਂ ਪ੍ਰਭਾਵ ਦਾ ਅੰਦਾਜ਼ਾ ਲਾਉਣਾ ਗਲਤ ਏ। (ਹਰਨਾਮ ਨੂੰ) ਤੁਸੀਂ ਪੰਜਾਬੀ ਦੀ ਕਵਿਤਾ ਬਾਰੇ ਨਾਨ-ਸੀਰੀਅਸ ਗੱਲ ਨਹੀਂ ਕਰ ਸਕਦੇ। ਹਰਨਾਮ ਕੋਲ ਅਚੇਤ ਜਾਂ ਸੁਚੇਤ ਇਹੀ ਤਰੀਕਾ ਏ। ਉਹ ਅਪਣੇ ਤੇ ਕਿਉਂ ਪ੍ਰਭਾਵ ਮੰਨਦਾ ਏ ਕਿਉਂਕਿ ਕੀਨੇ ਨੂੰ ਕਹਿਣਾ ਏਂ। —ਮੈਂ ਕਵੀਆਂ ਦਾ ਨੋਟਿਸ

ਨਹੀਂ ਲੈਣਾ। ਮੈਂ ਇਹਦੇ ਤੇ ਹਸਤਾਖਰ ਕਰਦਾਂ– ਤੂ ਗ਼ੈਰਜ਼ੁਮੇਵਾਰ ਗੱਲ ਕਰਨਾ ਏਂ।

ਹਰਨਾਮ– ਜਿਸ ਸਮੇਂ ਡਾਕਟਰ ਗੀਤ ਲਿਖ ਰਿਹਾ ਸੀ, ਕਈ ਚੰਗੀਆਂ ਸਤਰਾਂ ਕਰਤਾਰ ਸਿੰਘ ਕੇਵਲ, ਜੋਗਾ ਸਿੰਘ ਜਗਿਆਸੂ ਤੇ ਤਾਰਾ ਸਿੰਘ 'ਚ ਮਿਲ ਸਕਦੀਆਂ ਨੇ ਸਗੋਂ ਉਸ ਤੋਂ ਚੰਗੀਆਂ। ਕਈ ਵਾਰੀ ਸ਼ਾਇਰ ਉਸ ਦੌਰ ਵਿਚ ਉਲਝ ਕੇ ਰਹਿ ਜਾਂਦਾ ਹੈ। ਸੁਆਲ ਏ ਉਸ ਤੋਂ ਉਹ ਟੁਟਦਾ ਏ ? ਸ਼ਿਵ, ਅੰਮ੍ਰਿਤਾ ਆਦਿ ਪੜ੍ਹਕੇ ਵੀ ਕਈ ਉਹੋ ਜਿਹੀਆਂ ਸਤਰਾਂ ਜੋੜ ਲੈਂਦੇ ਨੇ।

ਗੁਰਮੇਲ– ਮੈਂ ਕਦੇ ਕਿਸੇ ਨੂੰ ਨਕਲ ਨਹੀਂ ਕੀਤਾ। ਪੰਜ ਦਰਿਆ 'ਚ 57 'ਚ ਜਦੋਂ ਮੇਰੀਆਂ ਪੰਜ ਕਵਿਤਾਵਾਂ ਛਪੀਆਂ ਤਾਂ ਮੋਹਨ ਸਿੰਘ ਨੇ ਉਤੇ ਨੋਟ ਲਿਖਿਆ ਸੀ ਕਿ ਇਕ ਹੋਰ ਕਵੀ ਜਨਮਿਆ ਏ। ਉਦੋਂ ਹਰਿਭਜਨ ਸਿੰਘ ਬਹੁਤ ਜਾਣਿਆ ਪਹਿਚਾਣਿਆ ਕਵੀ ਨਹੀਂ ਸੀ। ਇਹ ਤਾਂ ਰਵਿੰਦਰ ਰਵੀ ਆਦਿ ਕਹਿੰਦੇ ਨੇ ਕਿ ਡਾਕਟਰ ਤੋਂ ਪ੍ਰਭਾਵਤ ਏਂ।

ਹਰਿਭਜਨ–ਉਹ ਤਾਂ ਇਹ ਵੀ ਕਹਿੰਦੇ ਨੇ ਕਿ ਹਰਿਭਜਨ ਸਿੰਘ ਪ੍ਰਯੋਗਸ਼ੀਲਾਂ ਤੋਂ ਪ੍ਰਭਾਵਤ ਏ।

ਨੂਰ– ਗੁਰਮੇਲ ! ਬੇਚੈਨ ਸਦੀ ਦੇ ਅਖੀਰ ਤੇ ਤੇਜਵੰਤ ਗਿੱਲ ਨੇ ਤੈਨੂੰ ਸ਼ੰਕਾਵਾਦੀ ਸ਼ਾਇਰ ਆਖਿਆ ਏ। ਕੀ ਤੂੰ ਇਹ ਸਵੀਕਾਰ ਕਰਦਾ ਏਂ ?

ਗੁਰਮੇਲ—ਉਹ ਅਸਲ ਵਿਚ ਮੇਰੀ ਪਹਿਲੀ ਕਿਤਾਬ ਦੀ ਭੂਮਿਕਾ ਸੀ। ਤੇਜਵੰਤ ਨੂੰ ਸਾਹਿਤ ਵਿਚ ਲਿਆਉਣ 'ਚ ਮੇਰਾ ਵੀ ਹੱਥ ਏ। ਜਦ ਮੈਂ ਸਾਹਿਤ ਸਮਾਚਾਰ ਦਾ ਸੰਪਾਦਕ ਬਣਿਆ ਤਾਂ ਉਹ ਸਾਹਿਤ ਵਿਚ ਕਿਤੇ ਨਹੀਂ ਸੀ। ਮਾਡਲ ਟਾਊਨ ਲੁਧਿਆਣੇ ਵਿਚ ਅਸੀਂ ਗੁਆਂਢੀ ਸਾਂ। ਸੰਪਰਕ ਦੋਸਤਾਨਾ ਜ਼ਿਆਦਾ ਸੀ ਤੇ ਲਿਟਰੇਰੀ ਘਟ। ਉਹ ਅਜੇ ਲਿਖਣਾ ਸ਼ੁਰੂ ਕਰ ਰਿਹਾ ਸੀ ਤੇ ਮੈਂ ਕਾਫੀ ਛਪ ਚੁਕਾ ਸੀ। ਤੇਜਵੰਤ 'ਚ ਮੈਨੂੰ ਲਗਦਾ ਸ਼ਕਤੀ ਹੈ, ਵਿਸ਼ਲੇਸ਼ਣ ਬੜੀ ਤੀਬਰ ਹੈ। ਮੈਂ ਭੂਮਿਕਾ ਤਾਂ ਸੇਖੋਂ ਤੋਂ ਵੀ ਲਿਖਾ ਸਕਦਾ ਸੀ, ਪਰ ਮੈਂ ਵੇਖਿਆ ਤੇਜਵੰਤ 'ਚ ਕਿਤਾਬਾਂ ਪੜ੍ਹਨ ਦੀ ਅੱਗ ਹੈ, ਮੈਂ ਕਿਹਾ ਜੋ ਲਿਖੇਂਗਾ ਛਪੇਗਾ। ਪਰ ਇਹ ਸ਼ੰਕਾਵਾਦ ਮੇਰੀ ਕਵਿਤਾ ਦਾ ਨਹੀਂ, ਉਹਦੇ ਆਪਣੇ ਮਨ ਦਾ ਹੈ। ਮੈਂ ਸ਼ੰਕਾਵਾਦ ਸਵੀਕਾਰ ਨਹੀਂ ਕੀਤਾ ?

ਹਰਿਭਜਨ–ਸੇਖੋਂ ਨੇ ਕਿੰਨੀਆਂ ਕੁ ਭੂਮਿਕਾਵਾਂ ਲਿਖੀਆਂ ਨੇ ? ਸਭ ਤੋਂ ਵਧ ਤਾਂ ਤੇਜਾ ਸਿੰਘ ਨੇ ਲਿਖੀਆਂ ..

ਹਰਨਾਮ– ਨੰਬਰ ਤਿੰਨ ਤੇ ਤੁਸੀਂ।

ਹਰਿਭਜਨ–ਪਰ ਭੂਮਿਕਾ ਸ਼ਾਇਰ ਨਹੀਂ ਬਣਾਉਂਦੀ। ਦਰਮਿਆਨੇ ਦਰਜੇ ਦੇ ਬੰਦੇ ਕਹਿੰਦੇ ਨੇ ਮੇਰੇ ਬਾਰੇ ਕੁਝ ਲਿਖਦੇ। ਜਿਸ ਨੁਕਤੇ ਤੇ ਤੁਸੀਂ ਅਜ ਖਲੋਤੇ ਹੋਏ ਹੋ, ਇਸ ਵਿਚ ਕਿਸੇ ਦੀ ਭੂਮਿਕਾ ਨਹੀਂ। ਏਲੀਅਟ ਅਪਣੀ ਕਿਤਾਬ ਆਪਣੇ ਤੋਂ ਪਹਿਲਾ ਦੇ ਇਜ਼ਰਾ ਪਾਊਂਡ ਨੂੰ ਸਮਰਪਤ ਕਰ ਦੇਵੇ, ਇਸ ਹਦ ਇਜ਼ਰਾ ਪਾਊਂਡ ਨੂੰ ਨਹੀਂ ਮਿਲਣਾ ਚਾਹੀਦਾ।

ਗੁਰਮੇਲ—ਜੇ ਮੈਂ ਕਵੀ ਸਾਬਤ ਕਰਾਉਣਾ ਹੁੰਦਾ 66 'ਚ ਮੇਰੀ ਕਿਤਾਬ ਛਪੀ ਸੀ, 69 ਤੋਂ ਮੈਂ ਡਾਕਟਰ ਨੂੰ ਜਾਣਦਾ ਹਾਂ ਤਾਰ ਤੁਪਕਾ ਉਨ੍ਹਾਂ ਮੈਨੂੰ ਜੰਗਲ 'ਚ ਸੁਣਾਈ। ਉਸ ਤੋਂ ਬਾਅਦ ਦੋਸਤੀ ਹੋਰ ਡੂੰਘੀ ਹੋ ਗਈ। ਮੈਂ ਸੌਖਿਆਂ ਹੀ ਲਿਖਾ ਸਕਦਾ ਸਾਂ।

ਹਰਨਾਮ—ਇਹ ਕੋਈ ਜ਼ਰੂਰੀ ਨਹੀਂ। ਅਜ ਤਕ ਮੈਂ ਨਹੀਂ ਲਿਖ ਸਕਿਆ। ਸ਼ਿਵ ਵੀ ਪੰਦਰਾਂ ਦਿਨ ਮਗਰ ਪਿਆ ਰਿਹਾ, ਪਰ ਲਿਖਾ ਨਾ ਸਕਿਆ।

ਗੁਰਮੇਲ— ਗੁਰਚਰਨ ਰਾਮਪੁਰੀ ਤਾਂ ਲਿਖਾ ਗਿਆ।

ਨੂਰ— 1957 'ਚ ਗੁਰਮੇਲ ਤੂੰ ਲਿਰਿਕ ਲਿਖਦਾ ਸੀ, ਹੁਣ ਤੇਰਾ ਲਿਰਿਕ ਬਾਰੇ ਕੀ ਖਿਆਲ ਏ ?

ਗੁਰਮੇਲ— ਮੈਂ ਲਿਰਕ ਨੂੰ ਮਹੱਤਤਾ ਦਿੰਦਾ ਹਾਂ–

ਨੂਰ — ਮੈਂ ਇਹ ਪ੍ਰਸ਼ਨ ਇਸ ਲਈ ਉਠਾਇਆ ਏ ਕਿਉਂਕਿ ਪੰਜਾਬੀ ਵਿਚ ਲਿਰਿਕ ਨੂੰ ਇਗਨੋਰ ਨਹੀਂ ਕੀਤਾ ਜਾ ਸਕਦਾ–

ਹਰਨਾਮ– ਤੇਰਾ ਬੈਕਟ ਬਾਰੇ ਕੀ ਖਿਆਲ ਐ ? ਪੜ੍ਹਿਆ ਏ ?

ਗੁਰਮੇਲ– ਮੈਂ ਪੜ੍ਹਿਆ ਨਹੀਂ ਨਾਂ ਜ਼ਰੂਰ ਸੁਣਿਆ ਏ।

ਹਰਿਭਜਨ– ਜੀਹਨੂੰ ਨੋਬਲ ਇਨਾਮ ਮਿਲਿਆ ਸੀ ਹਰਨਾਮ ਨੇ ਉਹਦਾ ਕੁਝ ਪੜ੍ਹਿਆ ਏ ?

ਗੁਰਮੇਲ–ਤੁਸੀਂ ਦੂਜੇ ਮਿਆਰ ਨਹੀਂ ਠੋਸ ਸਕਦੇ। ਫਤਵੇ ਦੀ ਜ਼ਬਾਨ ਵਿਚ ਗਲ ਕਰਨ ਲਗਿਆਂ ਸੋਚੋ।

ਹਰਨਾਮ– ਗੱਲ ਫਤਵੇ ਦੀ ਨਹੀਂ ਜਾਨਣ ਦੀ ਏ ਕਿ ਸਾਡਾ ਬਾਹਰ ਰਹਿੰਦਾ ਲੇਖਕ ਕੀ ਪੜ੍ਹਦੇ ਕੀ ਸੋਚਦੇ। ਯੂਰਪ ਦੀਆਂ ਚੰਗੀਆਂ ਫਿਲਮਾਂ ਦੇਖੀਆਂ ਨੇ—ਵਿਚੀ ਰਾਈਡਰ ?

ਗੁਰਮੇਲ—ਦੇਖੀ ਏ। ਹੋਰ ਵੀ ਬਹੁਤ ਦੇਖੀਆਂ ਨੇ।

ਹਰਨਾਮ—ਚੰਗਾ ਕੀਤਾ ਜੇ ਨਾ।

ਗੁਰਮੇਲ—ਪਰ ਇਹ ਸਭ ਕੁਝ ਪੰਜਾਬੀ ਸਭਿਅਤਾ ਤੇ ਢੁਕਾਉਣਾ ਗਲਤੀ ਏ।

ਹਰਨਾਮ—ਸਭਿਆਚਾਰ ਦਾ ਪ੍ਰਸ਼ਨ ਨਹੀਂ। ਗੱਲ ਗਲੋਬਲ ਚੇਤਨਾ ਦੀ ਹੈ। ਕਵਿਤਾ ਮਾਈਨਰ ਅਕਸਪਰੈਸ਼ਨ ਐ।

ਪੰਜਾਬੀ ਲਿਟਰੇਰੀ ਐਸੋਸੀਏਸ਼ਨ•

PUNJABI LITERARY ASSOCIATION • P.O. BOX 67744 • VANCOUVER, B.C., CANADA V5W 3V2

ਪੰਜਾਬੀ ਲਿਟਰੇਰੀ ਐਸੋਸੀਏਸ਼ਨ ਵੈਨਕੂਵਰ ਦੀ ਪੰਦਰਾਰੋਜ਼ਾ ਸਾਹਿਤਕ ਇਕੱਤਰਤਾ 27 ਮਾਰਚ 1977 ਨੂੰ ਹੋਈ ਜਿਸ ਵਿਚ ਸਰਵ ਸ੍ਰੀ ਗੁਰਚਰਨ ਰਾਮਪੁਰੀ, ਅਜਮੇਰ ਰੋਡੇ, ਸੁਰਿੰਦਰ ਧੰਜਲ, ਸਾਧੂ, ਜਰਨੈਲ ਸਿੰਘ, ਸੁਖਵੰਤ ਹੁੰਦਲ, ਸੂਫ਼ੀ ਅਮਰਜੀਤ, ਉੱਜਲ ਦੋਸਾਂਝ, ਸਰਵਣ ਬੋਲ, ਕਰਨੈਲ ਮਾਨ, ਗੁਰਚਰਨ ਟੱਲੇਵਾਲੀਆ, ਜੀ.ਐਸ. ਗਿੱਲ, ਹਰਦੇਵ ਦੁੱਗੇਰ ਅਤੇ ਚਰਿੱਤਰ ਤੋਂ ਬਿਨਾਂ ਕੇਸਰ ਸਿੰਘ ਨਾਵਲਿਸਟ (ਐਡਮਿੰਟਨ, ਅਲਬਰਟਾ) ਨੇ ਭਾਗ ਲਿਆ।

ਇਕੱਤਰਤਾ ਸੁਰਿੰਦਰ ਧੰਜਲ ਦੀਆਂ ਦੋ ਨਜ਼ਮਾਂ ਨਾਲ ਸ਼ੁਰੂ ਹੋਈ। ਨਜ਼ਮ 'ਕਲਾਕਾਰ' ਤੇ ਭਰਪੂਰ ਆਲੋਚਨਾ ਹੋਈ ਤੇ ਕੁਝ ਸੁਝਾ ਵੀ ਪੇਸ਼ ਕੀਤੇ ਗਏ।

ਗੁਰਚਰਨ ਰਾਮਪੁਰੀ ਨੇ ਆਪਣੀ ਪੁਸਤਕ 'ਕੌਲ ਕਰਾਰ' ਵਿਚੋਂ 'ਕੰਚਨੀ' ਨਜ਼ਮ ਪੜ੍ਹੀ ਜਿਸਦੀ ਸ਼ਲਾਘਾ ਹੋਈ।

ਉੱਜਲ ਦੋਸਾਂਝ ਨੇ 'ਦੋ ਮੈਂ' ਕਵਿਤਾ ਪੜ੍ਹੀ ਜਿਸ ਵਿੱਚ ਕੈਨੇਡਾ ਵਿਚ ਰਹਿੰਦੇ ਭਾਰਤੀਆਂ ਦਾ ਦਵੰਦ ਚਿਤਰਨ ਦੀ ਕੋਸ਼ਿਸ਼ ਕੀਤੀ ਗਈ।

ਜਰਨੈਲ ਸਿੰਘ ਨੇ ਕਵਿਤਾ 'ਸਲੋਮੈਨ ਤੇ ਮਖੌਟਾ' ਪੜ੍ਹੀ ਜਿਸ ਵਿਚ ਮਖੌਟਾ ਪਹਿਨਣ ਵਾਲੇ ਇਨਸਾਨ ਦੀ ਸ਼ਖਸ਼ੀਅਤ ਦੀ ਕਮਜ਼ੋਰੀ ਦਾ ਚਿੱਤਰ ਉਲੀਕਿਆ ਗਿਆ।

ਸੂਫ਼ੀ ਅਮਰਜੀਤ ਨੇ ਦੋ ਨਜ਼ਮਾਂ ਪੜ੍ਹੀਆਂ ਜਿੰਨ੍ਹਾਂ ਦੀ ਭਾਸ਼ਾ ਵਿਚ ਲੋਕ-ਪੱਧਰ ਦਾ ਵਿਸ਼ੇਸ਼ ਧਿਆਨ ਰੱਖਿਆ ਗਿਆ – ਕਵਿਤਾਵਾਂ ਸਲਾਹੀਆਂ ਗਈਆਂ।

ਕੇਸਰ ਸਿੰਘ ਨਾਵਲਿਸਟ ਨੇ ਗਦਰੀ ਦੇਸ਼ਭਗਤ ਬਾਬਾ ਹਰੀ ਸਿੰਘ ਉਸਮਾਨ ਵੱਲੋਂ ਕਵਿਤਾ ਵਿਚ ਲਿਖੀ ਗਈ ਇੱਕ ਇਤਿਹਾਸਕ ਚਿੱਠੀ ਪੜ੍ਹਕੇ ਸੁਣਾਈ ਜੋ ਬਾਬਾ ਉਸਮਾਨ ਵੱਲੋਂ ਕੇਸਰ ਸਿੰਘ ਨੂੰ 1962 ਵਿਚ ਭਾਰਤ ਵਿਚੋਂ ਲਿਖੀ ਗਈ ਸੀ। ਇਹ ਵਿਅੰਗਾਤਮਕ ਸਤਰਾਂ ਬਹੁਤ ਪਸੰਦ ਕੀਤੀਆਂ ਗਈਆਂ:

"ਗਧੇ ਮੁਲਕ ਦੇ ਕਈ ਪਰਧਾਨ ਬਣਗਏ ਜਾਣੋਂ ਇੰਨ੍ਹਾਂ ਦੀ ਪਿੱਠ ਉੱਤੇ ਭਾਰ ਚਾਹੀਏ।
ਕਿਤੇ ਅਦਲ ਇਨਸਾਫ਼ ਨਹੀਂ ਨਜ਼ਰ ਔਂਦਾ ਏਨ੍ਹਾਂ ਸਾਰਿਆਂ ਵਾਸਤੇ ਗਾਰ ਚਾਹੀਏ।"

ਇਸ ਪਿੱਛੋਂ ਜਰਨੈਲ ਸਿੰਘ ਨੇ 'ਗੁਰਚਰਨ ਰਾਮਪੁਰੀ ਦੀ ਕਵਿਤਾ ਦਾ ਆਲੋਚਨਾਤਮਕ ਅਧਿਅਨ' ਨਿਬੰਧ ਪੜ੍ਹਿਆ। ਲੇਖ ਵਿਸ਼ੇਸ਼ ਕਰਕੇ historical context ਵਿਚ ਸੀ ਜੋ ਕਾਫ਼ੀ ਖੋਜ ਅਤੇ ਅਧਿਅਨ ਤੋਂ ਪਿਛੋਂ ਲਿਖਿਆ ਗਿਆ ਜਾਪਦਾ ਸੀ। ਇੱਕ ਵਿਸ਼ੇਸ਼ ਨੁਕਤਾ ਜੋ ਉਭਰਕੇ ਸਾਹਮਣੇ ਆਇਆ ਉਹ ਇਹ ਸੀ ਕਿ ਪੰਜਾਬੀ ਸਾਹਿਤ ਆਲੋਚਨਾ ਗੁਟਬੰਦੀ ਦੀ ਬਿਮਾਰੀ ਹੋਣ ਕਰਕੇ ਗੁਰਚਰਨ ਰਾਮਪੁਰੀ ਦੀ ਕਾਵਿ-ਰਚਨਾ ਵੱਲ ਉਤਨਾ ਧਿਆਨ ਨਹੀਂ ਦਿੱਤਾ ਗਿਆ ਜਿੰਨਾ ਦਿੱਤਾ ਜਾਣਾ ਚਾਹੀਦਾ ਸੀ। ਇਸ ਬਿਮਾਰੀ ਦੇ ਹੋਰ ਕਈ ਲੇਖਕ ਵੀ ਸ਼ਿਕਾਰ ਹਨ ਜੋ ਕਿਸੇ ਕਿਸਮ ਦੀਆਂ ਗੁੱਟਬੰਦੀਆਂ ਵਿਚ ਵਿਸ਼ਵਾਸ਼ ਨਹੀਂ ਰਖਦੇ। ਜਰਨੈਲ ਸਿੰਘ ਨੇ ਗੁਰਚਰਨ ਰਾਮਪੁਰੀ ਦੀ ਕਵਿਤਾ ਦਾ ਵਿਸ਼ਲੇਸ਼ਨ ਉਸਦੇ ਸਮਕਾਲੀ ਕਵੀਆਂ ਮੋਹਨ ਸਿੰਘ, ਧੀਰ ਤੇ ਸੁਰਜੀਤ ਰਾਮਪੁਰੀ ਆਦਿ ਦੀਆਂ ਰਚਨਾਵਾਂ ਦੇ ਪਰਸੰਗ ਵਿੱਚ ਕੀਤਾ। ਜਰਨੈਲ ਸਿੰਘ ਅਨੁਸਾਰ ਗੁਰਚਰਨ ਰਾਮਪੁਰੀ ਦੀ ਕਵਿਤਾ ਵਿਚ, ਰਾਮਪੁਰੀ ਪਹਿਲਾਂ ਸਟੇਜੀ ਕਵੀ ਹੋਣ ਕਰਕੇ ਕੁਝ ਤਰੁਟੀਆਂ ਵੀ ਹਨ। ਅਜਮੇਰ ਰੋਡੇ ਨੇ ਕਿਹਾ ਕਿ ਜੇ ਕਵਿਤਾ ਦੀ intensity ਤੇ ਵਸਤੂ ਦੇ ਸੰਚਾਰ ਵਿਚ ਕੋਈ ਫ਼ਰਕ ਨਹੀਂ ਪੈਂਦਾ ਤਾਂ ਸਟੇਜੀ ਅਤੇ ਅਣਸਟੇਜੀ ਕਵਿਤਾ ਵਿੱਚ ਕੋਈ ਅੰਤਰ ਨਹੀਂ ਹੋਣਾ ਚਾਹੀਦਾ। ਸੁਰਿੰਦਰ ਧੰਜਲ ਅਤੇ ਸਰਵਣ ਬੋਲ ਅਨੁਸਾਰ ਜਰਨੈਲ ਦੀ ਸ਼ੈਲੀ ਉਸਦੇ ਪਹਿਲੇ ਲੇਖ — 'ਮੈਨੇ ਭੰਗੀ ਸਤਕ': ਇਕ ਅਧਿਅਨ — ਦੇ ਮੁਕਾਬਲੇ ਬਹੁਤ ਨਿੱਖਰੀ ਹੈ – ਬਾਕੀਆਂ ਨੇ ਵੀ ਇਸ ਨਾਲ ਸਹਿਮਤੀ ਪਰਗਟ ਕੀਤੀ। ਅਜਮੇਰ ਰੋਡੇ ਨੇ ਕਿਹਾ ਕਿ ਨਿਬੰਧ ਵਿਚ ਰਾਮਪੁਰੀ ਦੀ ਕਵਿਤਾ ਦਾ ਬਹੁਤਾ ਕਰਕੇ ਉਸਦੇ ਸਮਕਾਲੀ ਕਵੀਆਂ ਦੀਆਂ ਰਚਨਾਵਾਂ ਦੇ ਪ੍ਰਸੰਗ ਵਿੱਚ ਹੀ ਵਿਸ਼ਲੇਸ਼ਨ ਕੀਤਾ ਗਿਆ ਹੈ – ਚੰਗਾ ਹੁੰਦਾ ਜੇ ਕਵਿਤਾ ਦੀ ਸਮਾਲੋਚਨਾ ਕੇਵਲ ਰਾਮਪੁਰੀ ਦੇ ਸੰਦਰਭ ਵਿੱਚ ਵੀ ਉਨੇ ਹੀ ਜ਼ੋਰ ਨਾਲ ਕੀਤੀ ਜਾਂਦੀ। ਪਰ ਇਹ ਕੋਈ ਵਿਸ਼ੇਸ਼ ਦੋਸ਼ ਨਹੀਂ – ਸਮੁੱਚੇ ਤੌਰ ਤੇ ਲੇਖ ਬਹੁਤ ਸਲਾਹਿਆ ਗਿਆ।

ਪੰਜਾਬੀ ਲਿਟਰੇਰੀ ਐਸੋਸੀਏਸ਼ਨ ਦੀਆਂ ਇਕੱਤਰਤਾਵਾਂ ਹਰ ਐਤਵਾਰ? ਪੰਦਰਾਂ ਦਿਨ ਬਾਅਦ "ਫਰੇਜ਼ਰਵੀਊ ਨੇਬਰਹੁੱਡ ਸੈਂਟਰ 5783- ਵਿਕਟੋਰੀਆ ਡਰਾਈਵ, ਵੈਨਕੂਵਰ" ਵਿਚ ਹੁੰਦੀਆਂ ਹਨ। ਆਉਣ ਵਾਲੀਆਂ ਇਕੱਤਰਤਾਵਾਂ 8 ਮਈ, 22 ਮਈ, 5 ਜੂਨ ਅਤੇ 19 ਜੂਨ ਨੂੰ ਦੋ ਵਜੇ ਹੋਣਗੀਆਂ।

– ਅਜਮੇਰ ਰੋਡੇ
(ਜਨਰਲ ਸਕੱਤਰ)

ਫ਼ੋਨ: 438-7793

**DARSHAN SINGH MANN'S**

# TRAVEL WORLD

ਦੁਨੀਆ ਦੇ ਕਿਸੇ ਵੀ ਕੋਨੇ ਵਿੱਚ ਜਾਣ ਲਈ ਜਾਂ ਆਪਣੇ ਸਨੇਹੀਆਂ ਨੂੰ ਮੰਗਵਾਉਣ ਲਈ ਸਾਨੂੰ ਆ ਕੇ ਦਰਸ਼ਨ ਦਿਉ।

ਅਸੀਂ ਸਾਰੀਆਂ ਏਅਰ ਲਾਈਨਜ਼ ਦੀਆਂ ਟਿਕਟਾਂ ਸਸਤੀਆਂ ਵੇਚਦੇ ਹਾਂ।

ਪਾਸਪੋਰਟ ਤੇ ਵੀਜ਼ਾ ਲੈਣ ਵਿੱਚ ਪੂਰੀ ਮੱਦਦ ਕੀਤੀ ਜਾਂਦੀ ਹੈ।

ਸਾਡੇ ਦਫ਼ਤਰ ਦਿੱਲੀ, ਚੰਡੀਗੜ੍ਹ, ਲੁਧਿਆਣਾ ਅਤੇ ਜਾਲੰਧਰ ਆਦਿ ਸ਼ਹਿਰਾਂ ਵਿੱਚ ਤੁਹਾਡੀ ਸੇਵਾ ਲਈ ਹਾਜ਼ਰ ਹਨ।



## 435-3953

ਦਰਸ਼ਨ ਸਿੰਘ ਮਾਨ

**FOR ANY KIND OF**

## PHOTOGRAPHY

**REMEMBER**

OPEN
9:30 a.m.
5:30 p.m.

FRIDAY
9:30 a.m.
7:00 p.m.



PORTRAITS

PASSPORTS

WEDDINGS

## KARTAR PHOTO STUDIO

47 KINGSWAY
PHONE 872-0622
872-0623

KARTAR FILMS INTERNATIONAL
IMPORTERS OF E. INDIAN MOVIES AND DISTRIBUTOR TO U.S.A. AND CANADA

SPECIALIST IN ALL KINDS OF PHOTOGRAPHY
WE ALSO SELL CAMERAS AND ACCESSORIES

ਨਿਊ ਸਪਾਈਸਲੈਂਡ

# NEW SPICELAND

4532 Main St. (29 Ave.)
Vancouver, B.C.

Phone:
874-6624

ਹਰ ਤਰ੍ਹਾਂ ਦੀ ਭਾਰਤੀ ਗਰੋਸਰੀ
ਵਧੀਆ ਸੁਭਾਅ! ਵਧੀਆ ਸੇਵਾਵਾਂ! ਘੱਟ ਕੀਮਤਾਂ!

FREE DELIVERY

(1) FRESH FIJIAN VEGETABLES SPECIALITY
(2) EVERY WEEK SPECIAL SALE

(1) 5% OFF FOR OVER $50.00 MIXED GROCERY PURCHASE
(2) OUT OF TOWN ORDERS TAKEN

ਫ਼ੋਨ (PHONE): 874-6624/873-2803

**FOR ANY KIND OF**

## PHOTOGRAPHY

**REMEMBER**

# SANDEEP STUDIO

**CALL**

**HARCHARAN SINGH JHUTEE**

**435-3634**

**THINKING OF TRAVEL?**
**WE CAN SAVE YOU MONEY, TIME AND TROUBLE**

**GROUPS – CHARTER – EXCURSION**
**PAY LATER**
**SPECIAL IMMIGRANT FARES AVAILABLE**

# GOYAL TRAVELS

**4160 FRASER STREET, VANCOUVER 10, B.C.**
**PHONE: 872-7658**

**ASSOCIATE OFFICES:**

1. NEAR COURTS, MOGA, PANJAB (INDIA) – PHONE 798
2. NEAR COURTS, JAGRAEN, PANJAB (INDIA) – PHONE 252
3. NEAR COURTS, PHAGWARA, PANJAB (INDIA) – PHONE 2021
4. BHAGAT SINGH CHOWK SADAR BAZZAR BARNALA, PANJAB (INDIA)–PHONE 555

## NEED ANY HELP IN ANY TYPE OF REAL ESTATE CONTACT ANY TIME!



OFF.
872-0131
438-9998
RES.
687-7711
page 3756
OUT OF TOWN
TOLL FREE
112-800-663-3708

## BALWINDER BRAR
## M.Sc.

**MARS REALTY**

1437 Kingsway
Vancouver

Are you looking for

## Miller's BODY SHOP LTD.

COMPLETE COLLISION REPAIRS

I.C.B.C. CLAIMS – 6 Days a Week Service

OPENS : 8.30 TO 6.00
COURTESY CARS AVAILABLE
LOW RATES
GUARANTEED WORK

Phone: 435-3133
SAM (SEWA) JEERH (over)

5792 Beresford Street
South Burnaby, B.C.

Here we are :




## DEAR PATRONS

**BEST WISHES FOR 1977**

*"My family and I had a very enjoyable time with Saways travel."*
*Dr. BRAHMBHATT, A.B.*
PS.D.A.P.A.

*" SAFEWAYS TRAVEL AGENCY: stands behind its customers."*
*RAJ GOPAL PILLAI*
*President: Fiji Canada Association.*

*"Safeways Travel Agency's Groups are well planned, organized and certain."* *R.M. DEAN President: Viti Soccer Club*

*"You are always safe with SAFEWAYS. It is a pleasure doing business with Safeways Travel Agency."* *AVINASH SHARMA*
*Agent A.E. Le Page Western Ltd. Realtor*

*"Safeways Travel is known as a small Embassy, where you get assistance for new and renewal of Passports.*
*MANUBHAI PATEL*
*Patel Supermarket*

*Safeways is the only Travel Agency who has home delivery of Air Line Tickets even on Weekend.* *U.M. RAMZAN*

## Safeways Travel Agency Limited

1391 Kingsway,
Vancouver, B.C. V5V 3E3

**BUYING OR SELLING HOMES, COMMERCIAL PROPERTIES, APARTMENT BLOCKS, FARMS, LAND, ACREAGE?**

*For free and professional advice contact*



## GURBIR S. PURI

MARS REALTY
1437 Kingsway, Vancouver
Phone:
872-0131 / 524-1978

MORTGAGES CAN ALSO BE ARRANGED

ਘਰ ਖ਼ਰੀਦਣ ਜਾਂ ਵੇਚਣ ਲਈ ਹਮੇਸ਼ਾਂ ਯਾਦ ਰੱਖੋ:
ਗੁਰਬੀਰ ਸਿੰਘ ਪੁਰੀ
ਫ਼ੋਨ: 524-1978/ 872-0131

# Two Big Stores To Serve You In Vancouver and North Vancouver

We carry all kinds of East Indian groceries, records, cassettes, 8-tracks, and cooking utensils

FRESH VEGETABLES FROM FIJI EVERY WEEK!

*For your entertainment we show movies in the Rio Theatre on Friday, Saturday and Sunday* 873-1412

PHONE OUR FRIENDLY STAFF

**AMBIKA ENT. LTD.**
**5139 Victoria Dr.**
**Vancouver**

**Ph. 327-0295**

**LONSDALE FOODS**
**1210 Lonsdale Ave.**
**North Vancouver**

**Ph. 985-5411**

# BAINS

## INTERNATIONAL TRAVEL SERVICE

*We are appointed agents for all major airlines such as British Airways, Air India, Air Canada, Air France, Swiss Air, Pan American, TWA, Japan Airlines, CP Air, Northwest Orient, KLM, Lufthansa, Quantas, SAS — List is endless.*

*ENQUIRE FOR OTHER SPECIAL FARES: AFFINITY GROUPS, EXCURSIONS, CHARTERS — LONDON, HONG KONG, SINGAPORE, FIJI OR ANY OTHER PART OF THE WORLD.*

**REMEMBER ... ONE CALL DOES IT ALL!!!**

By *Being IATA member we can issue your ticket for any airline while you wait.*

## 3 LOCATIONS TO SERVE YOU

**6364 FRASER STREET,**
**VANCOUVER, B.C.**
**TEL: 324-2277**

**CAPILANO MALL**
**935 MARINE DRIVE**
**NORTH VANCOUVER, B.C.**
**TEL: 980-0351**

**1710 DOUGLAS STREET**
**VICTORIA, B.C.**
**TEL: 386-6363**

# Contemporary Literature in Translation

## PUNJABI ISSUE

**Guest Editor: Surjeet Kalsey**




**ANDREAS SHROEDER**
(President, The Writers' Union of Canada)
Editor, CLIT
P.O, Box 3127
Mission, B.C., Canada V2V 4J3
(416) 961-7373 (Toronto) ·
or 826-3714 (Mission)

**SURJEET KALSEY**
Guest Editor
5346 Cecil Street
Vancouver, B.C. V5R 4E5
438-7793

**HARDEV**
Artist
210 Prescott Avenue
Toronto, Ontario, Canada
(416) 654-1341